# ਜਸਵੀਰ ਗੁਣਾਚੌਰੀਆ ਦੀ ਮਹਿਫ਼ਲ ਯਾਦਗਾਰੀ ਹੋ ਨਿੱਬੜੀ

**ਬੇਕਰਸਫੀਲਡ:** ਲੰਘੇ ਸ਼ੁੱਕਰਵਾਰ ਰੀਐਲਟਰ ਜਤਿੰਦਰ ਸਿੰਘ ਤੂਰ, ਤੂਰ ਭਰਾ ਖੋਸਾ ਕੋਟਲਾ ਵਾਲਿਆਂ ਵਲੋਂ ਸਥਾਨਕ ਹਾਰਟ ਆਫ ਇੰਡੀਆ ਰੈਸਟੋਰੈਂਟ ਵਿਚ ਉੱਘੇ ਸ਼ਾਇਰ ਤੇ ਗੀਤਕਾਰ ਜਸਵੀਰ ਗੁਣਾਚੌਰੀਆ ਦੀ ਮਹਿਫ਼ਲ ਰੱਖੀ ਗਈ। ਪ੍ਰੋਗਰਾਮ ਦੀ ਸ਼ੁਰੂਆਤ ਜਤਿੰਦਰ ਤੂਰ ਨੇ ਸਭਨਾਂ ਨੂੰ ਜੀ ਆਇਆਂ ਆਖਦਿਆਂ, ਜਸਵੀਰ ਗੁਣਾਚੌਰੀਆ ਦੇ ਸਹਿਤਕ ਸਫਰ 'ਤੇ ਪੰਛੀ ਝਾਤ ਪਵਾ ਕੇ ਕੀਤੀ।

ਇਸ ਉਪਰੰਤ ਜਸਵੀਰ ਗੁਣਾਚੌਰੀਆ ਨੇ ਆਪਣੇ ਨਵੇਂ ਪੁਰਾਣੇ ਗੀਤਾਂ ਦੀ ਐਸੀ ਛਹਿਬਰ ਲਾਈ ਕਿ ਹਰ ਕੋਈ ਅਸ਼-ਅਸ਼ ਕਰ ਉੱਠਿਆ। ਇਸ ਉਪਰੰਤ ਲੋਕ ਗਾਇਕ ਬੱਬੂ ਗੁਰਪਾਲ ਨੇ "ਮੈਂ ਬੋਲੀ ਪੰਜਾਬ ਦੀ" ਆਦਿ ਗੀਤ ਗਾ ਕੇ ਖ਼ੂਬ ਰੰਗ ਬੰਨ੍ਹਿਆ। ਗੀਤਕਾਰ ਅਤੇ ਗਾਇਕ ਪੱਪੀ ਭਦੌੜ ਨੇ ਜਿੱਥੇ ਬਾਕੀ ਕਲਾਕਾਰਾਂ ਦਾ ਹਾਰਮੋਨੀਅਮ 'ਤੇ ਸਾਥ ਦਿੱਤਾ ਓਥੇ ਹੀ ਉਨ੍ਹਾਂ ਮਿਆਰੀ ਗੀਤਾਂ ਨਾਲ ਆਪਣੀ ਹਾਜ਼ਰੀ ਲਵਾਈ। ਅਭੀਜੀਤ ਨੇ ਵੀ ਆਪਣੀ ਗਾਇਕੀ ਦਾ ਰੰਗ ਵਿਖਾਇਆ। ਸ਼ਾਇਰ ਰਣਜੀਤ ਗਿੱਲ ਨੇ ਦੋ ਕਵਿਤਾਵਾਂ ਨਾਲ ਹਾਜ਼ਰੀ ਭਰੀ। ਸਟੇਜ ਸੰਚਾਲਨ ਸਨੀ ਬੱਬਰ ਨੇ ਕੀਤਾ। ਡਾਕਟਰ ਮੁਕੰਦ ਸਿੰਘ ਸੰਧੂ ਨੇ ਕਿਹਾ ਕਿ ਏਦਾਂ ਦੇ ਸਾਹਿਤਕ ਪ੍ਰੋਗਰਾਮ ਸ਼ਾਇਰਾ ਦੀ ਹੌਸਲਾ ਅਫਜ਼ਾਈ ਲਈ ਹੁੰਦੇ ਰਹਿਣੇ ਚਾਹੀਦੇ ਨੇ। ਪ੍ਰਬੰਧਕਾਂ ਵਿਚੋਂ ਜਤਿੰਦਰ ਤੂਰ ਨੇ ਸਭਨਾਂ ਦਾ ਧੰਨਵਾਦ ਕੀਤਾ। ਪੱਤਰਕਾਰ ਨੀਟਾ ਮਾਛੀਕੇ ਨੇ ਵੀ ਪਤਵੰਤੇ ਸੱਜਣਾਂ ਨੂੰ ਸੰਬੋਧਨ ਕੀਤਾ। ਅਖੀਰ ਵਿਚ ਗੀਤਕਾਰ ਜਸਵੀਰ ਗੁਣਾਚੌਰੀਆ ਨੂੰ ਸ਼ੀਲਡ ਨਾਲ ਸਨਮਾਨਿਆ ਗਿਆ। ਅੰਤ ਅਮਿੱਟ ਪੈੜਾਂ ਛੱਡਦਾ ਇਹ ਸਮਾਗਮ ਯਾਦਗਾਰੀ ਹੋ ਨਿਬੜਿਆ।



***ਵੇਰਵਾ ਤੇ ਤਸਵੀਰ: ਗੁਰਿੰਦਰਜੀਤ ਨੀਟਾ ਮਾਛੀਕੇ/ ਕੁਲਵੰਤ ਧਾਲੀਆਂ***

# ਫਰਿਜ਼ਨੋ 'ਚ ਖੁੱਲ੍ਹਿਆ ਸਟਾਰ ਐਕਸਪ੍ਰੈਸ ਬੱਸ ਸਰਵਿਸ ਦਾ ਦਫਤਰ

**ਫਰਿਜ਼ਨੋ:** ਲੰਮੀ ਜੱਦੋ-ਜਹਿਦ ਮਗਰੋਂ ਮਸ਼ਹੂਰ ਟਰਾਂਸਪੋਰਟਰ ਅਨੰਦ ਮੌਦਗਿੱਲ ਦੀ ਮਿਹਨਤ ਨੂੰ ਬੂਰ ਪਿਆ ਅਤੇ ਸਟਾਰ ਐਕਸਪ੍ਰੈਸ ਲਗਜ਼ਰੀ ਬੱਸ ਸਰਵਿਸ ਪੰਜਾਬ ਦੇ ਸਾਰੇ ਵੱਡੇ ਸ਼ਹਿਰਾਂ ਤੋਂ ਦਿੱਲੀ ਏਅਰਪੋਰਟ ਲਈ ਸ਼ੁਰੂ ਹੋ ਚੁਕੀ ਹੈ। ਇਸੇ ਕੜੀ ਤਹਿਤ ਸਟਾਰ ਐਕਸਪ੍ਰੈਸ ਦਾ ਨਵਾਂ ਦਫਤਰ ਫਰਿਜ਼ਨੋ ਕੈਲੀਫੋਰਨੀਆ ਵਿਚ ਵੀ ਖੁੱਲ੍ਹਿਆ ਹੈ।


ਇਸ ਦਫਤਰ ਦੀ ਓਪਨਿੰਗ ਮੌਕੇ ਰਣਜੀਤ ਸਿੰਘ ਗਿੱਲ ਨੇ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਦੱਸਿਆ ਕਿ ਇਹ ਬੱਸਾਂ ਸਿੱਧੀਆਂ ਪੰਜਾਬ ਤੋਂ ਦਿੱਲੀ ਏਅਰਪੋਰਟ ਅਤੇ ਏਅਰਪੋਰਟ ਤੋਂ ਪੰਜਾਬ ਲਈ ਸਫਲਤਾਪੂਰਵਕ ਚੱਲ ਰਹੀਆਂ ਹਨ। ਉਨ੍ਹਾਂ ਦੱਸਿਆ ਕਿ ਬੱਸ ਦਾ ਰੈਗੂਲਰ ਕਿਰਾਇਆ 2999 ਰੁਪਏ ਰੱਖਿਆ ਗਿਆ ਜਦਕਿ ਆਨਲਾਈਨ ਬੁਕਿੰਗ 2499 ਰੁਪਏ ਵਿਚ ਕੀਤੀ ਜਾ ਰਹੀ ਹੈ। ਉਨ੍ਹਾਂ ਕਿਹਾ ਕਿ ਇਨ੍ਹਾਂ ਪੈਸਿਆਂ 'ਚ ਫ੍ਰੀ 3 ਸਟਾਰ ਹੋਟਲ ਦਾ ਖਾਣਾ ਵੀ ਮੁਹੱਈਆ ਕਰਵਾਇਆ ਜਾਂਦਾ ਹੈ। ਇਸ ਦੇ ਨਾਲ ਜਿੱਥੇ ਤੁਸੀਂ ਸਲੀਪਰ ਸੀਟਾਂ ਦਾ ਅਨੰਦ ਮਾਣੋਗੇ ਓਥੇ ਬੱਸ ਵਿਚ ਮੁਫਤ ਵਾਈਫਾਈ ਦੀ ਸਹੂਲਤ ਵੀ ਮਿਲ ਰਹੀ ਹੈ। ਬੱਸ ਦੇ ਅੰਦਰ ਸਾਫ਼ ਸੁਥਰੇ ਬਾਥਰੂਮ ਦੀ ਸਹੂਲਤ ਹੈ, ਇਸੇ ਤਰੀਕੇ ਪੂਰੇ ਸਫਰ ਦੌਰਾਨ ਕੰਪਲੀਮੈਂਟਰੀ ਕੌਫੀ, ਕੋਕ, ਜੂਸ ਆਦਿ ਡਰਿੰਕਸ ਵੀ ਮਿਲਣਗੀਆਂ। ਔਨਲਾਈਨ ਬੁਕਿੰਗ ਲਈ ਜਾਂ ਵਧੇਰੇ ਜਾਣਕਾਰੀ ਲਈ www.starxpress.in 'ਤੇ ਜਾ ਸਕਦੇ ਹੋ। ਅਮਰੀਕਾ ਵਿਚ ਟਿਕਟਾਂ ਜਾਂ ਹੋਰ ਜਾਣਕਾਰੀ ਲਈ ਰਣਜੀਤ ਗਿੱਲ ਨੂੰ (559) 709-9599 'ਤੇ ਸੰਪਰਕ ਕਰ ਸਕਦੇ ਹੋ। ਇੰਡੀਆ ਵਿਚ 96581-97581 'ਤੇ ਸੰਪਰਕ ਕੀਤਾ ਜਾ ਸਕਦਾ ਹੈ।



**-ਗੁਰਿੰਦਰਜੀਤ ਨੀਟਾ ਮਾਛੀਕੇ/ ਕੁਲਵੰਤ ਧਾਲੀਆਂ**

# .ਗਜ਼ਲ ਸੰਗ੍ਰਹਿ 'ਸ਼ਾਮ ਦੀ ਸ਼ਾਖ਼ 'ਤੇ' ਦਾ ਲੋਕ ਅਰਪਣ 19 ਜੂਨ ਨੂੰ

ਵਿਸ਼ਵ ਪੰਜਾਬੀ ਸਾਹਿਤ ਅਕੈਡਮੀ ਦੀ ਸਾਹਿਤਕ ਮਿਲਣੀ ਡਾ. ਸੁਖਵਿੰਦਰ ਕੰਬੋਜ ਦੀ ਪ੍ਰਧਾਨਗੀ ਹੇਠ 19 ਜੂਨ, 2022 ਦਿਨ ਐਤਵਾਰ ਨੂੰ ੍ਰਇਸਟਅੁਰਅਨਟ, 5774 ੋਰੇ ੰਚਹੋਲ ੍ਰਦ, ਓਅਰਕ, ਛਓ ਵਿਖੇ ਸ਼ਾਮ 5:00 ਵਜੇ ਹੋ ਰਹੀ ਹੈ। ਇਸ ਮੌਕੇ ਸ਼ਾਇਰ ਕੁਲਵਿੰਦਰ ਦਾ ਗ਼ਜ਼ਲ ਸੰਗ੍ਰਹਿ 'ਸ਼ਾਮ ਦੀ ਸ਼ਾਖ਼ 'ਤੇ' ਲੋਕ ਅਰਪਣ ਕੀਤਾ ਜਾਵੇਗਾ। ਇਸ ਸਮਾਗਮ ਦੇ ਮੁੱਖ ਮਹਿਮਾਨ ਭਾਰਤੀ ਸਾਹਿਤ ਅਕੈਡਮੀ ਦਿੱਲੀ ਵਲੋਂ ਪੁਰਸਕਾਰ ਨਾ.ਲ ਸਨਮਾਨਿਤ ਸ਼ਾਇਰ ਜਸਵਿੰਦਰ ਹੋਣਗੇ। ਕੈਨੇਡਾ ਤੋਂ ਹੀ ਪ੍ਰਸਿੱਧ ਸ਼ਾਇਰ ਰਾਜਵੰਤ ਰਾਜ, ਦਵਿੰਦਰ ਗੌਤਮ ਅਤੇ ਪ੍ਰੀਤ ਮਨ ਪ੍ਰੀਤ ਵਿਸ਼ੇਸ਼ ਮਹਿਮਾਨ ਵਜੋਂ ਸ਼ਾਮਲ ਹੋਣਗੇ। ਪੁਸਤਕ ਵਿਚਾਰ-ਚਰਚਾ ਅਤੇ ਲੋਕ ਅਰਪਣ ਤੋਂ ਬਾਅਦ ਸੰਗੀਤ ਦੇ ਧਨੀ 'ਸੁਖਦੇਵ ਸਾਹਿਲ' ਵਲੋਂ ਸੰਗੀਤਕ ਮਹਿਫ਼ਲ ਸਜਾਈ ਜਾਵੇਗੀ। ਰੰਗਾ ਰੰਗ ਕਵੀ ਦਰਬਾਰ ਵੀ ਹੋਵੇਗਾ। ਕਰੋਨਾ ਕਾਲ ਤੋਂ ਬਾਅਦ ਜ਼ੂਮ ਤੋਂ ਹਟ ਕੇ ਹੋ ਰਹੀ ਇਸ ਮਿਲਣੀ ਲਈ ਸਥਾਨਕ ਸ਼ਾਇਰਾਂ ਅਤੇ ਸਾਹਿਤ ਪ੍ਰੇਮੀਆਂ ਵਿਚ ਭਾਰੀ ਉਤਸ਼ਾਹ ਹੈ। ਵਧੇਰੇ ਜਾਣਕਾਰੀ ਲਈ ਡਾ. ਸੁਖਵਿੰਦਰ ਕੰਬੋਜ (ਪ੍ਰਧਾਨ) ਨਾਲ ਫੋਨ: 925-308-3000, ਕੁਲਵਿੰਦਰ (ਜਨਰਲ ਸਕੱਤਰ) ਨਾਲ 510-267-2090 ਅਤੇ ਲਾਜ ਨੀਲਮ ਸੈਣੀ (ਸਹਾਇਕ ਸਕੱਤਰ) ਨਾਲ 519-502-0551 'ਤੇ ਸੰਪਰਕ ਕੀਤਾ ਜਾ ਸਕਦਾ ਹੈ।




# ਫਰਿਜ਼ਨੋ ਦੇ ਟਰੱਕ ਡਰਾਈਵਰਾਂ ਵਲੋਂ ਜੂਨ '84 ਦੇ ਸ਼ਹੀਦਾਂ ਦੀ ਯਾਦ ਵਿਚ ਸਮਾਗਮ

ਫਰਿਜ਼ਨੋ: ਜੂਨ 1984 ਦੇ ਘੱਲੂਘਾਰੇ ਦੇ ਸਮੂਹ ਸ਼ਹੀਦਾਂ ਦੀ ਯਾਦ ਵਿਚ ਫਰਿਜ਼ਨੋ ਖੇਤਰ ਦੇ ਟਰੱਕਰ ਹਰ ਸਾਲ ਸ੍ਰੀ ਅਖੰਡ ਪਾਠ ਸਹਿਬ ਦੇ ਭੋਗ ਪਾਉਂਦੇ ਆ ਰਹੇ ਹਨ। ਇਸੇ ਕੜੀ ਤਹਿਤ ਇਸ ਸਾਲ ਜੂਨ '84 ਦੇ ਸਮੂਹ ਸ਼ਹੀਦਾਂ ਦੀ ਯਾਦ ਵਿਚ ਸ੍ਰੀ ਅਖੰਡ ਪਾਠ ਸਹਿਬ ਦੇ ਭੋਗ ਗੁਰਦੁਆਰਾ ਨਾਨਕ ਪ੍ਰਕਾਸ਼ ਫਰਿਜ਼ਨੋ ਵਿਖੇ ਪਾਏ ਗਏ। ਇਸ ਮੌਕੇ ਕੀਰਤਨ ਦਰਬਾਰ ਦੇ ਨਾਲ-ਨਾਲ ਕਥਾ ਪ੍ਰਵਾਹ ਵੀ ਚੱਲੇ ਅਤੇ ਕਵੀਸ਼ਰ ਜਥੇ ਨੇ ਸਿੱਖ ਇਤਿਹਾਸ ਤੋਂ ਸੰਗਤ ਨੂੰ ਜਾਣੂ ਕਰਵਾਇਆ। ਇਸ ਮੌਕੇ ਟਰੱਕ ਡਰਾਈਵਰਾਂ ਵਲੋਂ ਚਾਹ ਪਕੌੜਿਆਂ ਤੇ ਗੁਰੂ ਕਾ ਲੰਗਰ ਅਤੁੱਟ ਵਰਤਾਇਆ ਗਿਆ। ਇਸ ਮੌਕੇ ਵੱਡੀ ਗਿਣਤੀ ਸੰਗਤ ਗੁਰਦੁਆਰਾ ਸਹਿਬ ਵਿਖੇ ਨਤਮਸਤਕ ਹੋਈ ਤੇ ਜੂਨ '84 ਦੇ ਘੱਲੂਘਾਰੇ ਦੇ ਸਮੂਹ ਸ਼ਹੀਦਾਂ ਨੂੰ ਯਾਦ ਕਰਦਿਆਂ ਸ਼ਰਧਾ ਦੇ ਫੁੱਲ ਭੇਟ ਕੀਤੇ।



# ਕੈਲ-ਕੱਪ 'ਚ ਫਰਿਜ਼ਨੋ ਦੀਆਂ ਹਾਕੀ ਟੀਮਾਂ ਨੇ ਕਰਾਈ ਬੱਲੇ-ਬੱਲੇ

**ਫਰਿਜ਼ਨੋ:** ਇੱਥੋਂ ਦੇ ਪੰਜਾਬੀ ਹਾਕੀ ਕੋਚਾਂ ਦੀ ਮਿਹਨਤ ਨੂੰ ਉਸ ਸਮੇਂ ਬੂਰ ਪਿਆ, ਜਦੋਂ ਹਾਕੀ ਦਾ ਕੁੰਭ ਮੰਨੇ ਜਾਂਦੇ ਕੈਲ-ਕੱਪ ਟੂਰਨਾਮੈਂਟ ਲਾਸ ਏਂਜਲਸ ਵਿਖੇ ਫਰਿਜ਼ਨੋ ਦੀਆਂ ਚਾਰ ਹਾਕੀ ਟੀਮਾਂ ਨੇ ਭਾਗ ਲਿਆ।

ਫਰਿਜ਼ਨੋ ਦੇ ਗੁਰਦੁਆਰਾ ਦਰਬਾਰ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਖੇ ਪਿਛਲੇ ਪੰਦਰਾਂ ਮਹੀਨਿਆਂ ਤੋਂ ਕੋਚ ਸੁਖਵਿੰਦਰ ਸਿੰਘ ਚੀਮਾ, ਅਮਨਜੋਤ ਸਿੰਘ ਹੁੰਦਲ਼ ਅਤੇ ਰਵੀ ਧਾਲੀਵਾਲ 6 ਤੋਂ 16 ਸਾਲ ਤਕ ਦੀ ਉਮਰ ਦੇ 40 ਤੋਂ ਵੱਧ ਖਿਡਾਰੀਆਂ ਨੂੰ ਹਾਕੀ ਦੀ ਟ੍ਰੇਨਿੰਗ ਦੇ ਰਹੇ ਹਨ। ਇਨ੍ਹਾਂ ਬੱਚਿਆਂ ਦੀ ਮਿਹਨਤ ਪਿਛਲੇ ਦਿਨੀਂ ਉਸ ਵਕਤ ਰੰਗ ਲਿਆਈ ਜਦੋਂ ਕੈਲੀਫੋਰਨੀਆ ਦੇ ਵੱਡੇ ਸਾਲਾਨਾ ਹਾਕੀ ਕੈਲ-ਕੱਪ ਟੂਰਨਾਮੈਂਟ ਵਿਚ ਇਨ੍ਹਾਂ ਬੱਚਿਆਂ ਦੀਆਂ ਚਾਰ ਟੀਮਾਂ (8 ਸਾਲ, 10 ਸਾਲ, 12 ਸਾਲ, 16 ਸਾਲ) ਨੇ ਸਫਲਤਾ ਦੇ ਝੰਡੇ ਗੱਡੇ।

8 ਸਾਲ ਵਾਲੀ ਹਾਕੀ ਟੀਮ ਨੇ ਸਾਰੀਆਂ ਟੀਮਾਂ ਨੂੰ ਹਰਾ ਕੇ ਗੋਲ਼ਡ ਮੈਡਲ ਜਿੱਤਿਆ। ਲਿਵਰਾਜ ਸਿੰਘ ਧਾਲੀਵਾਲ ਅਤੇ ਅਨਾਹਦ ਕੌਰ ਨੇ 40 ਗੋਲ ਦਾਗ ਕੇ ਦਰਸ਼ਕਾਂ ਦਾ ਧਿਆਨ ਖਿੱਚਿਆ। ਰਮਨਪ੍ਰੀਤ, ਏਕਨੂਰ ਬਰਾੜ, ਸ਼ਾਹਬਾਜ਼, ਰਵਨੀਤ, ਗਨੀਵ ਅਤੇ ਰੀਨਾ ਨੇ ਸ਼ਾਨਦਾਰ ਖੇਡ ਦਾ ਪ੍ਰਦਰਸ਼ਨ ਕੀਤਾ। 10 ਸਾਲ ਵਾਲੀ ਬੱਚਿਆਂ ਦੀ ਟੀਮ ਚੌਥੇ ਸਥਾਨ 'ਤੇ ਰਹੀ। ਪ੍ਰਭਸ਼ਰਨ ਧਾਲੀਵਾਲ ਅਤੇ ਗੁਰਜੋਤ ਕੌਰ ਨੇ ਹਾਕੀ ਦੇ ਜੌਹਰ ਵਿਖਾਏ। 12 ਸਾਲ ਵਾਲੀਆਂ ਟੀਮਾਂ ਦੇ ਜ਼ਬਰਦਸਤ ਮੁਕਾਬਲਿਆਂ ਦੌਰਾਨ ਫਰਿਜ਼ਨੋ ਦੀ ਟੀਮ ਨੂੰ ਕਾਂਸੀ ਦੇ ਤਗ਼ਮੇ ਨਾਲ ਸਬਰ ਕਰਨਾ ਪਿਆ। ਤੇਗਬੀਰ ਬੱਲ, ਗੁਰਮਨਦੀਪ ਬੱਲ, ਹਰਤੇਜ ਸਿੰਘ, ਦਿਲਜੋਤ ਸਿੰਘ, ਸੋਹੇਲ ਧਾਲੀਵਾਲ, ਅਰਮਾਨ ਸਿੰਘ ਅਤੇ ਗੋਲ ਕੀਪਰ ਜੋਤ ਪ੍ਰਕਾਸ਼ ਸਿੰਘ ਨੇ ਆਹਲਾ ਦਰਜੇ ਦੀ ਹਾਕੀ ਖੇਡੀ।




16 ਸਾਲ ਦੇ ਗੱਭਰੂਆਂ ਨੇ ਸ਼ਾਨਦਾਰ ਖੇਡ ਵਿਖਾਉਂਦਿਆਂ ਚਾਂਦੀ ਦਾ ਤਗ਼ਮਾ ਆਪਣੇ ਨਾਮ ਕੀਤਾ। ਇਸ ਟੀਮ ਵਿਚ ਖੇਡ ਰਹੇ ਨੈਸ਼ਨਲ ਪਲੇਅਰਾਂ ਪ੍ਰਥਮਪ੍ਰੀਤ ਸਿੰਘ ਚੀਮਾ ਅਤੇ ਮੈਟੀਉ ਬਾਰਲੇਈ ਦੀ ਖੇਡ ਨੇ ਦਰਸ਼ਕਾਂ ਦੇ ਮਨ ਮੋਹ ਲਏ। ਪ੍ਰਥਮਪ੍ਰੀਤ ਨੇ ਸ਼ਾਨਦਾਰ 7 ਗੋਲ ਦਾਗ ਕੇ ਆਪਣੀ ਖੇਡ ਦਾ ਲੋਹਾ ਮਨਵਾਇਆ। ਇਸੇ ਟੀਮ ਵਿਚ ਖੇਡਦੀਆਂ ਦੋ ਜੌੜੀਆਂ ਭੈਣਾਂ ਰਾਜਪ੍ਰੀਤ, ਰਾਜਦੀਪ ਅਤੇ ਦੋ ਸਕੇ ਭਰਾਵਾਂ ਜੋਤਪਾਲ ਤੇ ਗੁਰਹੰਸ ਸਿੰਘ ਕਾਹਲੋਂ ਅਤੇ ਗੋਲ਼-ਕੀਪਰ ਡਾਇਆਨਾ ਦੀ ਖੇਡ ਦੀ ਹਰ ਕੋਈ ਸਿਫ਼ਤ ਕਰਦਾ ਨਜ਼ਰ ਆਇਆ।

ਇੱਥੇ ਇਹ ਗੱਲ ਵੀ ਜ਼ਿਕਰਯੋਗ ਹੈ ਕਿ ਸੀਨੀਅਰ ਖਿਡਾਰੀ ਸੁਖਦੀਪ ਅਤੇ ਜਗਦੀਪ ਬੱਲ ਵੀ ਸਮੇਂ ਸਮੇਂ ਸਿਰ ਜੂਨੀਅਰ ਖਿਡਾਰੀਆਂ ਨੂੰ ਹਾਕੀ ਦੇ ਦਾਅ-ਪੇਚ ਸਿਖਾਉਂਦੇ ਰਹਿੰਦੇ ਹਨ। ਗੁਰਦੁਆਰਾ ਦਰਬਾਰ ਸ੍ਰੀ ਗੁਰੂ ਗ੍ਰੰਥ ਸਹਿਬ ਦੀ ਕਮੇਟੀ ਫੀਲਡ ਹਾਕੀ ਲਈ ਕੀਤੇ ਜਾਂਦੇ ਉਪਰਾਲਿਆਂ ਲਈ ਵਧਾਈ ਦੀ ਪਾਤਰ ਹੈ। ਫਰਿਜ਼ਨੋ ਏਰੀਏ ਦੇ ਫੀਲਡ ਹਾਕੀ ਖੇਡਣ ਦੇ ਸ਼ੌਕੀਨ ਬੱਚੇ-ਬੱਚੀਆਂ ਲਈ ਹਾਕੀ ਰਜਿਸਟਰੇਸ਼ਨ ਬਿਲਕੁਲ ਮੁਫਤ ਹੈ। ਫੀਲਡ ਹਾਕੀ ਦੀ ਮੁਫ਼ਤ ਸਿਖਲਾਈ ਲਈ ਚਾਹਵਾਨ ਬੱਚੇ-ਬੱਚੀਆਂ ਕੋਚ ਸੁਖਵਿੰਦਰ ਸਿੰਘ ਚੀਮਾ ਨਾਲ (347) 570-3164 ਜਾਂ ਅਮਨਜੋਤ ਸਿੰਘ ਹੁੰਦਲ਼ ਨਾਲ (209) 918-6464 'ਤੇ ਸੰਪਰਕ ਕਰ ਸਕਦੇ ਹਨ। ***-ਵੇਰਵਾ ਤੇ ਤਸਵੀਰਾਂ: ਗੁਰਿੰਦਰਜੀਤ ਸਿੰਘ ਨੀਟਾ ਮਾਛੀਕੇ/ਕੁਲਵੰਤ ਧਾਲੀਆਂ***



# ਸੰਘਰਸ਼ਾਂ ਦਾ ਗੜ੍ਹ ਬਣਿਆ ਮੁੱਖ ਮੰਤਰੀ ਭਗਵੰਤ ਮਾਨ ਦਾ ਸ਼ਹਿਰ ਸੰਗਰੂਰ

**ਸੰਗਰੂਰ:** ਮੁੱਖ ਮੰਤਰੀ ਦਾ ਸ਼ਹਿਰ ਸੰਗਰੂਰ ਬੇਰੁਜ਼ਗਾਰ ਜਥੇਬੰਦੀਆਂ ਦੇ ਸੰਘਰਸ਼ਾਂ ਦਾ ਗੜ੍ਹ ਬਣ ਗਿਆ ਹੈ। ਲਗਭਗ ਅੱਧੀ ਦਰਜਨ ਜਥੇਬੰਦੀਆਂ ਨੇ ਮੁੱਖ ਮੰਤਰੀ ਦੀ ਰਿਹਾਇਸ਼ ਵਾਲੀ ਕਲੋਨੀ ਦੇ ਮੁੱਖ ਗੇਟ ਅੱਗੇ ਪੱਕੇ ਮੋਰਚੇ ਆਏ ਹੋਏ ਹਨ, ਜਿਨ੍ਹਾਂ ਵੱਲੋਂ ਪੰਜਾਬ ਸਰਕਾਰ ਤੋਂ ਰੁਜ਼ਗਾਰ ਦੀ ਮੰਗ ਕੀਤੀ ਜਾ ਰਹੀ ਹੈ।

ਸਰਕਾਰ ਬਣਾਉਣ ਵੇਲੇ ਭਗਵੰਤ ਮਾਨ ਨੇ ਵਾਅਦਾ ਕੀਤਾ ਸੀ ਕਿ ਸਭ ਤੋਂ ਪਹਿਲਾਂ ਬੇਰੁਜ਼ਗਾਰੀ ਦੂਰ ਕੀਤੀ ਜਾਵੇਗੀ ਤੇ ਮੱਖ ਮੰਤਰੀ ਬਣਨ ਤੋਂ ਬਾਅਦ ਉਹ ਸਭ ਤੋਂ ਪਹਿਲਾਂ ਹਰੇ ਪੈੱਨ ਦੀ ਵਰਤੋਂ ਅਸਾਮੀਆਂ ਕੱਢਣ ਲਈ ਕਰਨਗੇ, ਜਿਸ ਦੀ ਉਡੀਕ ਵਿਚ ਵੱਡੀ ਗਿਣਤੀ ਬੇਰੁਜ਼ਗਾਰ ਹੁਣ ਮੁੱਖ ਮੰਤਰੀ ਦੇ ਦਰਾਂ ‘ਤੇ ਆ ਕੇ ਬੈਠ ਗਏ ਹਨ।

ਮੁੱਖ ਮੰਤਰੀ ਦੀ ਕੋਠੀ ਅੱਗੇ ਕਰੋਨਾ ਯੋਧੇ ਨਰਸਾਂ, ਕਲਰਕ ਟੈਸਟ ਪਾਸ ਉਮੀਦਵਾਰ, ਪੰਜਾਬ ਪੁਲਿਸ ਭਰਤੀ ਉਮੀਦਵਾਰ, ਬੇਰੁਜ਼ਗਾਰ ਮਲਟੀਪਰਪਜ਼ ਹੈਲਥ ਵਰਕਰ, ਪੰਜਾਬ ਰੋਡਵੇਜ਼, ਪਨਬੱਸ ਤੇ ਪੀ.ਆਰ.ਟੀ.ਸੀ. ਦੇ ਨੌਕਰੀਓਂ ਹਟਾਏ ਵਰਕਰਾਂ ਦੇ ਕੁੱਲ ਪੰਜ ਪੱਕੇ ਰੋਸ ਧਰਨੇ ਜਾਰੀ ਹਨ, ਜਦਕਿ ਪਿਛਲੇ ਕਈ ਦਿਨਾਂ ਤੋਂ ਕੱਚੇ ਅਧਿਆਪਕ ਸਥਾਨਕ ਸਿਵਲ ਹਸਪਤਾਲ ਦੀ ਸੌ ਫੁੱਟ ਉੱਚੀ ਪਾਣੀ ਵਾਲੀ ਟੈਂਕੀ ‘ਤੇ ਚੜ੍ਹੇ ਹੋਏ ਹਨ। ਕੱਚੇ ਅਧਿਆਪਕ ਯੂਨੀਅਨ ਦੀ ਸੂਬਾ ਆਗੂ ਕਿਰਨ ਕੌਰ ਢਿੱਲੋਂ ਨੇ ਕਿਹਾ ਕਿ ਉਹ ਪਿਛਲੇ 15/20 ਸਾਲਾਂ ਤੋਂ ਨਿਗੂਣੀਆਂ ਤਨਖਾਹਾਂ ‘ਤੇ ਸਕੂਲਾਂ ਵਿਚ ਪੜ੍ਹਾ ਰਹੇ ਹਨ। ਮੁੱਖ ਮੰਤਰੀ ਨੇ ਆਪਣੇ ਵਾਅਦੇ ਅਨੁਸਾਰ ਉਨ੍ਹਾਂ ਨੂੰ ਰੈਗੂਲਰ ਤਾਂ ਕੀ ਕਰਨਾ ਸੀ, ਸਗੋਂ ਢਾਈ ਮਹੀਨਿਆਂ ਤੋਂ ਮੀਟਿੰਗ ਲਈ ਸਮਾਂ ਵੀ ਨਹੀਂ ਦਿੱਤਾ ਜਾ ਰਿਹਾ।



ਉਧਰ, ਕਰੋਨਾ ਯੋਧਾ ਨਰਸਾਂ ਸੇਵਾਵਾਂ ਬਹਾਲ ਕਰਾਉਣ ਲਈ ਪਿਛਲੇ 35 ਦਿਨਾਂ ਤੋਂ ਮੁੱਖ ਮੰਤਰੀ ਦੀ ਕੋਠੀ ਅੱਗੇ ਪੱਕਾ ਧਰਨਾ ਲਾ ਕੇ ਬੈਠੀਆਂ ਹਨ। ਪੰਜਾਬ ਪੁਲਿਸ ਭਰਤੀ-2016 ਦੇ ਉਮੀਦਵਾਰ ਵੀ ਕਈ ਦਿਨਾਂ ਤੋਂ ਮੁੱਖ ਮੰਤਰੀ ਦੀ ਕੋਠੀ ਅੱਗੇ ਡਟੇ ਹੋਏ ਹਨ। ਦੋ ਵਾਰ ਟੈਂਕੀ ‘ਤੇ ਚੜ੍ਹ ਕੇ ਪ੍ਰਦਰਸ਼ਨ ਕਰਨ ਦੇ ਬਾਵਜੂਦ ਉਨ੍ਹਾਂ ਦੀਆਂ ਮੰਗਾਂ ਵੀ ਹਾਲੇ ਜਿਉਂ ਦੀਆਂ ਤਿਉਂ ਬਣੀਆਂ ਹੋਈਆਂ ਹਨ। ਕਲਰਕ ਟੈਸਟ ਪਾਸ ਉਮੀਦਵਾਰ-2016 ਵੀ ਇਥੇ ਧਰਨਾ ਦੇ ਰਹੇ ਹਨ, ਜਿਨ੍ਹਾਂ ਦਾ ਕਹਿਣਾ ਹੈ ਕਿ ਮੈਰਿਟ ਸੂਚੀ ਵਿਚ ਸ਼ਾਮਲ ਹੋਣ ਦੇ ਬਾਵਜੂਦ ਹਾਲੇ ਤੱਕ ਉਨ੍ਹਾਂ ਦੀ ਨਿਯੁਕਤੀ ਨਹੀਂ ਹੋਈ। ਇਸ ਦੇ ਨਾਲ ਹੀ ਬੇਰੁਜ਼ਗਾਰ ਮਲਟੀਪਰਪਜ਼ ਹੈਲਥ ਵਰਕਰ (ਫੀਮੇਲ) ਵੀ ਪੰਜਾਬ ਸਰਕਾਰ ਤੋਂ ਨੌਕਰੀ ਦੀ ਮੰਗ ਕਰ ਰਹੀਆਂ ਹਨ ਤੇ ਖ਼ਫ਼ਾ ਹਨ ਕਿ ਸਿਹਤ ਵਿਭਾਗ ਵੱਲੋਂ 2964 ਅਸਾਮੀਆਂ ਕੱਢਣ ਦੇ ਬਾਵਜੂਦ ਉਨ੍ਹਾਂ ਦੀ ਇੱਕ ਵੀ ਅਸਾਮੀ ਨਹੀਂ ਕੱਢੀ ਗਈ।

## ਸੰਗਰੂਰ ਵਿਚ ਮਜ਼ਦੂਰਾਂ ਵੱਲੋਂ ਚਿਤਾਵਨੀ ਰੈਲੀ

**ਸੰਗਰੂਰ:** ਸਾਂਝਾ ਮਜ਼ਦੂਰ ਮੋਰਚਾ ਦੀ ਅਗਵਾਈ ਹੇਠ ਪੰਜਾਬ ਭਰ ਤੋਂ ਪੁੱਜੇ ਵੱਡੀ ਗਿਣਤੀ ਮਜ਼ਦੂਰਾਂ ਨੇ ਇਥੇ ਸੂਬਾ ਪੱਧਰੀ ਚਿਤਾਵਨੀ ਰੈਲੀ ਕੀਤੀ। ਕਹਿਰ ਦੀ ਗਰਮੀ ਦੇ ਬਾਵਜੂਦ ਮਜ਼ਦੂਰਾਂ ਨੇ ਰੈਲੀ ਵਿਚ ਉਤਸ਼ਾਹ ਨਾਲ ਹਿੱਸਾ ਲਿਆ। ਬੁਲਾਰਿਆਂ ਨੇ ਰੈਲੀ ਨੂੰ ਸੰਬੋਧਨ ਕਰਦਿਆਂ ਆਖਿਆ ਕਿ ਸਰਕਾਰ ਵੱਲੋਂ ਕਈ ਮੰਗਾਂ ਪ੍ਰਵਾਨ ਕਰ ਲਈਆਂ ਗਈਆਂ ਹਨ, ਜਿਨ੍ਹਾਂ ਨੂੰ ਲਾਗੂ ਕਰਾਉਣ ਤੱਕ ਸੰਘਰਸ਼ ਜਾਰੀ ਰੱਖਿਆ ਜਾਵੇਗਾ। ਉਨ੍ਹਾਂ ਸਰਕਾਰ ਨੂੰ ਅਪੀਲ ਕੀਤੀ ਕਿ ਉਨ੍ਹਾਂ ਦੀਆਂ ਬਾਕੀ ਰਹਿੰਦੀਆਂ ਮੰਗਾਂ ਵੀ ਮੰਨੀਆਂ ਜਾਣ।

## ਕਿਸਾਨਾਂ ਨੇ ਕੌਮੀ ਮਾਰਗ ’ਤੇ ਮੋਰਚਾ ਲਾਇਆ

**ਮੁਕੇਰੀਆਂ:** ਕਿਸਾਨ ਜਥੇਬੰਦੀਆਂ ਨੇ ਖੰਡ ਮਿੱਲ ਮੁਕੇਰੀਆਂ ਵੱਲ ਖੜ੍ਹੇ ਕਰੀਬ 90 ਕਰੋੜ ਤੋਂ ਵੱਧ ਦੇ ਬਕਾਏ ਦੀ ਅਦਾਇਗੀ ਲਈ ਮੁਕੇਰੀਆਂ-ਜਲੰਧਰ ਕੌਮੀ ਮਾਰਗ ‘ਤੇ ਸਥਿਤ ਮਿੱਲ ਦੇ ਗੇਟ ਸਾਹਮਣੇ ਧਰਨਾ ਲਗਾਇਆ। ਕਿਸਾਨ ਜਥੇਬੰਦੀਆਂ ਨੇ ਕਿਹਾ ਕਿ 2021-22 ਦੀ ਬਕਾਇਆ ਖੜ੍ਹੀ 90 ਕਰੋੜ ਰੁਪਏ ਦੀ ਰਾਸ਼ੀ ਦੀ ਅਦਾਇਗੀ ਨਹੀਂ ਹੋਈ ਹੈ ਤੇ ਸਰਕਾਰ ਵੱਲੋਂ ਮਿਲਣ ਵਾਲੀ 35 ਰੁਪਏ ਪ੍ਰਤੀ ਕੁਇੰਟਲ ਦੀ ਰਕਮ ਵੀ ਕਿਸਾਨਾਂ ਨੂੰ ਨਹੀਂ ਦਿੱਤੀ ਗਈ। ਖੰਡ ਮਿੱਲ ਦੇ ਮੁੱਖ ਗੰਨਾ ਅਧਿਕਾਰੀ ਸੰਜੇ ਸਿੰਘ ਨੇ ਕਿਹਾ ਕਿ ਕਿਸਾਨਾਂ ਨਾਲ ਹੋਈ ਮੀਟਿੰਗ ਵਿਚ ਉਨ੍ਹਾਂ ਮਿੱਲ ਵੱਲੋਂ ਪੱਖ ਰੱਖਿਆ ਹੈ। ਉਨ੍ਹਾਂ ਕਿਹਾ ਕਿ ਕਿਸਾਨਾਂ ਦੀ ਕੁਲ 85 ਕਰੋੜ ਰਕਮ ਬਕਾਇਆ ਹੈ ਤੇ ਉਹ ਰੋਜ਼ਾਨਾ ਇਕ ਕਰੋੜ ਰੁਪਏ ਕਿਸਾਨਾਂ ਦੇ ਖਾਤਿਆਂ ਵਿਚ ਪਾ ਰਹੇ ਹਨ। ਉਨ੍ਹਾਂ ਕਿਹਾ ਕਿ ਰਹਿੰਦੀ ਰਕਮ ਵੀ 85 ਦਿਨਾਂ ਅੰਦਰ ਪਾ ਦਿੱਤੀ ਜਾਵੇਗੀ।

# ਪਾਬੰਦੀਆਂ ਦੇ ਬਾਵਜੂਦ ਭਾਰਤ ਤੋਂ 70 ਲੱਖ ਟਨ ਕਣਕ ਬਰਾਮਦ ਹੋਣ ਦੀ ਉਮੀਦ



**ਸੰਯੁਕਤ ਰਾਸ਼ਟਰ:** ਕਣਕ ਦੀ ਬਰਾਮਦ ‘ਤੇ ਕੁਝ ਪਾਬੰਦੀਆਂ ਦੇ ਬਾਵਜੂਦ 2022-23 ਵਿਚ ਭਾਰਤ ਤੋਂ 70 ਲੱਖ ਟਨ ਕਣਕ ਬਰਾਮਦ ਹੋਣ ਦੀ ਉਮੀਦ ਹੈ, ਜੋ ਪਿਛਲੇ ਪੰਜ ਸਾਲਾਂ ਵਿਚ ਸਭ ਤੋਂ ਵੱਧ ਹੋਵੇਗੀ। ਇਨ੍ਹਾਂ ਪਾਬੰਦੀਆਂ ਵਿਚ ਪਹਿਲੇ ਇਕਰਾਰਨਾਮਿਆਂ ਦੀ ਵਚਨਬੱਧਤਾ, ਸਰਕਾਰ ਤੋਂ ਸਰਕਾਰ ਤੱਕ ਵਿਕਰੀ ਅਤੇ ਖਾਧ ਪਦਾਰਥਾਂ ਦੀ ਸੁਰੱਖਿਆ ਦੇ ਉਦੇਸ਼ ਨਾਲ ਕੀਤੀ ਜਾਣ ਵਾਲੀ ਬਰਾਮਦਗੀ ਸ਼ਾਮਲ ਨਹੀਂ ਹੈ।

ਦਿ ਫੂਡ ਐਂਡ ਐਗਰੀਕਲਚਰ ਆਰਗੇਨਾਈਜੇਸ਼ਨ (ਐਫ.ਏ.ਓ.) ਨੇ ਆਪਣੀ ਰਿਪੋਰਟ ਵਿਚ ਕਿਹਾ ਕਿ ਸਾਲ 2022-23 ਦੇ ਆਲਮੀ ਕਣਕ ਬਾਜ਼ਾਰ ‘ਚ ਕਾਫੀ ਬੇਯਕੀਨੀ ਦਾ ਮਾਹੌਲ ਰਹੇਗਾ। ਉਨ੍ਹਾਂ ਕਿਹਾ ਕਿ ਯੂਕਰੇਨ ਜੰਗ ਕਾਰਨ ਕਈ ਦੇਸ਼ਾਂ ਦੀਆਂ ਵਪਾਰਕ ਨੀਤੀਆਂ ਵਿਚ ਬਦਲਾਅ ਅਤੇ ਕੌਮੀ ਪੱਧਰ ‘ਤੇ ਉਚੀਆਂ ਕੀਮਤਾਂ ਕਣਕ ਦੇ ਬਾਜ਼ਾਰ ਨੂੰ ਨਵੀਂ ਦਿਸ਼ਾ ਦੇਣਗੀਆਂ। ਖੁਰਾਕ ਏਜੰਸੀ ਨੇ ਕਿਹਾ ਕਿ 2008 ਤੋਂ ਬਾਅਦ ਹੁਣ ਆਲਮੀ ਪੱਧਰ ‘ਤੇ ਕਣਕ ਦੀ ਕੀਮਤ ਇੰਨੀ ਵਧੀ ਹੈ। ਇਸ ਤੋਂ ਇਲਾਵਾ 2022-23 ‘ਚ ਸਪਲਾਈ ਸਬੰਧੀ ਚਿੰਤਾ ਕਾਰਨ ਵੀ ਦਬਾਅ ਵਧ ਰਿਹਾ ਹੈ। ਸਾਲ 2022 ਲਈ ਕਣਕ ਦਾ ਉਤਪਾਦਨ 2021 ਦੇ ਰਿਕਾਰਡ ਪੱਧਰ ਤੋਂ 0.8 ਫੀਸਦੀ ਘੱਟ ਕੇ 77.1 ਕਰੋੜ ਟਨ ਰਹਿਣ ਦੀ ਉਮੀਦ ਹੈ, ਜੋ ਬੀਤੇ ਚਾਰ ਸਾਲਾਂ ਵਿਚ ਪਹਿਲੀ ਗਿਰਾਵਟ ਹੋਵੇਗੀ।

## ਬਾਸਮਤੀ ਚੌਲਾਂ ਦੇ ਭਾਅ ਦੋ ਹਫਤਿਆਂ ਦੌਰਾਨ ਹੀ 15 ਫੀਸਦੀ ਹੋਰ ਵਧੇ

**ਨਵੀਂ ਦਿੱਲੀ:** ਵਿਦੇਸ਼ਾਂ ਵਿਚ ਬਾਸਮਤੀ ਚੌਲਾਂ ਦੀ ਮੰਗ ਵਧਣ ਤੇ ਭਾਰਤ ਵੱਲੋਂ ਬਾਸਮਤੀ ਚੌਲਾਂ ਦੇ ਪਾਬੰਦੀ ਲਗਾਏ ਜਾਣ ਦੇ ਖ਼ਦਸ਼ੇ ਵਜੋਂ ਕੌਮਾਂਤਰੀ ਮੰਡੀ ਵਿਚ ਇਨ੍ਹਾਂ ਚੌਲਾਂ ਦਾ ਭਾਅ ਪਿਛਲੇ ਦੋ ਹਫਤਿਆਂ ਦੌਰਾਨ ਹੀ 15 ਪ੍ਰਤੀਸ਼ਤ ਵਧ ਗਿਆ ਹੈ। ਭਾਵੇਂ ਕੇਂਦਰ ਸਰਕਾਰ ਨੇ ਬਾਸਮਤੀ ਅਤੇ ਪਰਮਲ ਚੌਲਾਂ ਦੀ ਦਰਾਮਦ ਉਤੇ ਪਾਬੰਦੀ ਲਗਾਉਣ ਦੀਆ ਸੰਭਾਵਨਾ ਰੱਦ ਕਰ ਦਿੱਤੀਆਂ ਹਨ ਪਰ ਬਾਸਮਤੀ ਚੌਲਾਂ ਦੇ ਦਰਾਮਦਕਾਰਾਂ ਤੇ ਬਰਾਮਦਕਾਰਾਂ ਵਿਚ ਚੌਲਾਂ ਉਤੇ ਪਾਬੰਦੀ ਲਗਾਉਣ ਦਾ ਡਰ ਬੈਠ ਗਿਆ ਹੈ। ਜਿਸ ਕਾਰਨ ਉਹ ਵੱਧ ਤੋਂ ਵੱਧ ਬਾਸਮਤੀ ਚੌਲਾਂ ਦੀ ਜਲਦੀ ਦਰਾਮਦ ਕਰਨਾ ਚਾਹੁੰਦੇ ਹਨ। ਬਾਸਮਤੀ ਚੌਲਾਂ ਦੇ ਭਾਅ ਵਧਣ ਨਾਲ ਦੇਸ ਵਿਚ ਬਾਸਮਤੀ ਝੋਨੇ ਦੇ ਭਾਅ ਵੀ ਵਧ ਗਏ ਹਨ। ਐਤਕੀਂ ਸੀਜ਼ਨ ਵਿਚ ਝੋਨੇ ਦੀਆਂ ਵੱਖ-ਵੱਖ ਕਿਸਮਾਂ ਦਾ ਔਸਤਨ ਭਾਅ 2800 ਰੁਪਏ ਪ੍ਰਤੀ ਕੁਇੰਟਲ ਰਿਹਾ ਸੀ, ਜਦੋਂ ਕਿ ਹੁਣ ਬਾਸਮਤੀ ਝੋਨੇ ਦਾ ਭਾਅ 4600 ਰੁਪਏ ਪ੍ਰਤੀ ਕੁਇੰਟਲ ਹੋ ਚੁੱਕਾ ਹੈ।

# ਕੇਜਰੀਵਾਲ ਨੇ ਹੁਣ ਹਿਮਾਚਲ ਦੇ ਲੋਕਾਂ ਤੋਂ ਮੌਕਾ ਮੰਗਿਆ



**ਸ਼ਿਮਲਾ:** ਆਮ ਆਦਮੀ ਪਾਰਟੀ ਦੇ ਕਨਵੀਨਰ ਤੇ ਦਿੱਲੀ ਦੇ ਮੁੱਖ ਮੰਤਰੀ ਅਰਵਿੰਦ ਕੇਜਰੀਵਾਲ ਤੇ ਪੰਜਾਬ ਦੇ ਮੁੱਖ ਮੰਤਰੀ ਭਗਵੰਤ ਮਾਨ ਨੇ ਹਿਮਾਚਲ ਪ੍ਰਦੇਸ਼ ਦੇ ਵੋਟਰਾਂ ਨੂੰ ਅਪੀਲ ਕੀਤੀ ਕਿ ਉਹ ਆਪਣੇ ਬੱਚਿਆਂ ਦਾ ਸੁਨਹਿਰੀ ਭਵਿੱਖ ਚਾਹੁੰਦੇ ਹਨ ਤਾਂ ਆਉਣ ਵਾਲੀਆਂ ਵਿਧਾਨ ਸਭਾ ਚੋਣਾਂ ਵਿਚ ਆਮ ਆਦਮੀ ਪਾਰਟੀ ਨੂੰ ਜਿਤਾਉਣ। ਹਮੀਰਪੁਰ ਜਿਲ੍ਹੇ ਦੇ ਟਾਊਨ ਹਾਲ ਵਿਚ ਲੋਕਾਂ ਨੂੰ ਸੰਬੋਧਨ ਕਰਦਿਆਂ ਸ੍ਰੀ ਕੇਜਰੀਵਾਲ ਨੇ ਕਿਹਾ ਕਿ ਦਿੱਲੀ ਵਿਚ ‘ਆਪ’ ਸਰਕਾਰ ਨੇ ਸਿੱਖਿਆ ਪ੍ਰਣਾਲੀ ਵਿਚ ਸਾਰਥਕ ਬਦਲਾਅ ਕਰ ਕੇ 1100 ਸਰਕਾਰੀ ਸਕੂਲਾਂ ਵਿਚ ਪੜ੍ਹ ਰਹੇ 16 ਲੱਖ ਵਿਦਿਆਰਥੀਆਂ ਦਾ ਭਵਿੱਖ ਸੁਰੱਖਿਅਤ ਕੀਤਾ ਹੈ। ਉਨ੍ਹਾਂ ਕਿਹਾ ਕਿ ਦਿੱਲੀ ਸਰਕਾਰ ਨੇ ਕੌਮੀ ਰਾਜਧਾਨੀ ਦੇ ਕੁੱਲ ਬਜਟ ਦਾ 25 ਫੀਸਦ ਹਿੱਸਾ ਸਿੱਖਿਆ ਦੇ ਖੇਤਰ ਲਈ ਰਿਲੀਜ ਕੀਤਾ ਹੈ ਤੇ ਪਿਛਲੇ ਸੱਤ ਸਾਲਾਂ ਵਿਚ ਸਰਕਾਰੀ ਸਕੂਲਾਂ ’ਤੇ 80 ਤੋਂ 85 ਹਜ਼ਾਰ ਕਰੋੜ ਰੁਪਏ ਖਰਚ ਕੀਤੇ ਹਨ। ਉਨ੍ਹਾਂ ਨੇ ਹਿਮਾਚਲ ਪ੍ਰਦੇਸ਼ ਵਿਚ ਵੀ ਸਿੱਖਿਆ ਖੇਤਰ ਵਿਚ ਸੁਧਾਰ ਦਾ ਭਰੋਸਾ ਦਿੱਤਾ। ਉਨ੍ਹਾਂ ਕਿਹਾ ਕਿ ਜੇ ਭਾਜਪਾ ਤੇ ਕਾਂਗਰਸ ਦੇ ਆਗੂਆਂ ‘ਚ ਹਿੰਮਤ ਹੈ ਤਾਂ ਉਹ ਰੁਜ਼ਗਾਰ ਤੇ ਸਿੱਖਿਆ ਦੇ ਨਾਂ ‘ਤੇ ਵੋਟਾਂ ਮੰਗ ਕੇ ਦਿਖਾਉਣ। ਇਸੇ ਦੌਰਾਨ ਕੇਜਰੀਵਾਲ ਨੇ ਕਿਹਾ ਕਿ ਉਹ ਸਿੱਖਿਆ ਤੇ ਸਿਹਤ ਦੇ ਮੁੱਦਿਆਂ ‘ਤੇ ਹਿਮਾਚਲ ਪ੍ਰਦੇਸ਼ ‘ਚ ਵੋਟਾਂ ਮੰਗਣ ਆਏ ਹਨ।

# ਸ਼ਰਾਬ ਦੇ ਠੇਕੇਦਾਰਾਂ ਵੱਲੋਂ ਮਾਨ ਸਰਕਾਰ ਦੀ ਆਬਕਾਰੀ ਨੀਤੀ ਦਾ ਬਾਈਕਾਟ



**ਲੁਧਿਆਣਾ:** ਸੂਬੇ ਵਿਚਲੇ ਸ਼ਰਾਬ ਦੇ ਠੇਕੇਦਾਰਾਂ ਵੱਲੋਂ ‘ਆਪ’ ਸਰਕਾਰ ਵੱਲੋਂ ਜਾਰੀ ਕੀਤੀ ਗਈ ਨਵੀਂ ਆਬਕਾਰੀ ਨੀਤੀ ਦਾ ਵਿਰੋਧ ਕੀਤਾ ਜਾ ਰਿਹਾ ਹੈ। ਸ਼ਰਾਬ ਠੇਕੇਦਾਰ ਯੂਨੀਅਨ ਪੰਜਾਬ ਦੇ ਨੁਮਾਇੰਦਿਆਂ ਨੇ ਦੋਸ਼ ਲਾਇਆ ਕਿ ਪਾਰਟੀ ਸੁਪਰੀਮੋ ਅਰਵਿੰਦ ਕੇਜਰੀਵਾਲ ਆਪਣੇ ਕਿਸੇ ਨੇੜਲਿਆਂ ਨੂੰ ਪੂਰੇ ਪੰਜਾਬ ਦਾ ਐੱਲ-1 ਦੇਣ ਦੀ ਤਿਆਰੀ ਵਿਚ ਹੈ। ਉਹ ਸਾਰਾ ਕੰਮ ਕੈਸ਼ ’ਤੇ ਕਰਨ ਦੀ ਗੱਲ ਆਖ ਰਹੇ ਹਨ, ਜਿਸ ਨਾਲ ਇਕ ਕਾਰੋਬਾਰੀ ਨੂੰ ਪਹਿਲਾਂ ਸਰਕਾਰ ਨੂੰ ਦੇਣ ਲਈ 5 ਕਰੋੜ ਰੁਪਏ, ਫਿਰ ਕਰੋੜਾਂ ਰੁਪਏ ਸ਼ਰਾਬ ਲੈਣ ਲਈ ਚਾਹੀਦੇ ਹਨ।

ਇਸ ਤਰ੍ਹਾਂ ਛੋਟੇ ਕਾਰੋਬਾਰੀ ਖਤਮ ਹੋ ਜਾਣਗੇ। ਉਨ੍ਹਾਂ ਕਿਹਾ ਕਿ ਇਹ ਪਾਲਿਸੀ ਲਿਆਉਣ ਤੋਂ ਪਹਿਲਾਂ ਸਰਕਾਰ ਨੂੰ ਠੇਕੇਦਾਰਾਂ ਨਾਲ ਸਲਾਹ ਕਰਨੀ ਚਾਹੀਦੀ ਸੀ। ਠੇਕੇਦਾਰਾਂ ਨੇ ਦੱਸਿਆ ਕਿ ਪਿਛਲੇ ਸਾਲ ਸਰਕਾਰ ਦਾ 7 ਹਜ਼ਾਰ ਕਰੋੜ ਰੁਪਏ ਦਾ ਕਾਰੋਬਾਰ ਹੋਇਆ ਸੀ ਤੇ ਉਸ ਵੇਲੇ ਦੇਸੀ ਸ਼ਰਾਬ ਦੀ ਬੋਤਲ 270 ਵਿੱਚ ਵਿਕ ਰਹੀ ਸੀ। ਉਨ੍ਹਾਂ ਕਿਹਾ ਕਿ ਹੁਣ ਸਰਕਾਰ ਵੱਲੋਂ ਸੂਬੇ ‘ਚ 9600 ਕਰੋੜ ਰੁਪਏ ਦੇ ਖਜ਼ਾਨੇ ਦਾ ਟੀਚਾ ਮਿਥਿਆ ਗਿਆ ਹੈ, ਪਰ ਜੇਕਰ 270 ‘ਚ ਵਿਕਣ ਵਾਲੀ ਬੋਤਲ 150 ਵਿਚ ਵਿਕੇਗੀ ਤਾਂ ਇਹ ਟੀਚਾ ਕਿਵੇਂ ਪੂਰਾ ਹੋਵੇਗਾ। ਉਨ੍ਹਾਂ ਕਿਹਾ ਕਿ ਸਰਕਾਰ ਦੀ ਨਵੀਂ ਪਾਲਿਸੀ ਮੁਤਾਬਕ 730 ਰੁਪਏ ‘ਚ ਵਿਕਣ ਵਾਲੀ ਅੰਗਰੇਜ਼ੀ ਸ਼ਰਾਬ ਦੀ ਬੋਤਲ ਵੀ ਹੁਣ 370 ‘ਚ ਵੇਚਣ ਦੇ ਹੁਕਮ ਹੋਏ ਹਨ। ਉਨ੍ਹਾਂ ਕਿਹਾ ਕਿ ਜੇਕਰ ਸਰਕਾਰ ਨੇ ਇਸੇ ਕੀਮਤ ‘ਤੇ ਹੀ ਸ਼ਰਾਬ ਵੇਚਣੀ ਹੈ ਤਾਂ ਸਾਰੇ ਠੇਕੇ ਸਰਕਾਰੀ ਕਰ ਦਿੱਤੇ ਜਾਣ। ਇਸ ਮੌਕੇ ਠੇਕੇਦਾਰਾਂ ਨੇ ਮੀਟਿੰਗ ਕਰਕੇ ਫੈਸਲਾ ਲਿਆ ਕਿ ਸਰਕਾਰ ਦੀ ਇਸ ਪਾਲਿਸੀ ਦਾ ਬਾਈਕਾਟ ਕੀਤਾ ਜਾਵੇਗਾ। ਉਨ੍ਹਾਂ ਦੱਸਿਆ ਕਿ ਪਹਿਲਾਂ ਚਾਰ ਦੁਕਾਨਾਂ ਦਾ ਇਕ ਗਰੁੱਪ 8 ਤੋਂ ਸਾਢੇ 8 ਕਰੋੜ ਵਿੱਚ ਮਿਲਦਾ ਸੀ ਤੇ ਛੋਟੇ ਵਪਾਰੀ ਵੀ ਇਸ ਵਿਚ ਕੰਮ ਕਰ ਲੈਂਦੇ ਸਨ, ਹੁਣ ਸਰਕਾਰ ਵੱਲੋਂ ਇਸ ਦੀ ਕੀਮਤ 35 ਕਰੋੜ ਕਰ ਦਿੱਤੀ ਗਈ ਹੈ। ਉਨ੍ਹਾਂ ਕਿਹਾ ਕਿ ਇਕ ਗਰੁੱਪ ਲੈਣ ਲਈ ਪਹਿਲਾਂ ਇਕ ਤੋਂ ਡੇਢ ਕਰੋੜ ਰੁਪਏ ਨਾਲ ਕਾਰੋਬਾਰ ਚਲ ਜਾਂਦਾ ਸੀ। ਪਰ ਹੁਣ ਸਰਕਾਰ ਨੇ 5 ਕਰੋੜ ਰੁਪਏ ਸਕਿਓਰਿਟੀ ਰੱਖ ਦਿੱਤੀ ਹੈ। ਇਸ ਤਰ੍ਹਾਂ ਛੋਟੇ ਵਪਾਰੀ ਇਸ ਕਾਰੋਬਾਰ ਤੋਂ ਬਾਹਰ ਹੋ ਜਾਣਗੇ।

# ਬਿਜਲੀ ਸੰਕਟ: ਖਪਤਕਾਰਾਂ ’ਤੇ ਪੈ ਸਕਦਾ ਹੈ ਮਹਿੰਗੇ ਵਿਦੇਸ਼ੀ ਕੋਲੇ ਦਾ ਭਾਰ

**ਚੰਡੀਗੜ੍ਹ:** ਗਰਮੀਆਂ ਦੇ ਮੌਸਮ ਦੌਰਾਨ ਕੋਲੇ ਦੀ ਘਾਟ ਕਰ ਕੇ ਬਿਜਲੀ ਦੀ ਘੱਟ ਪੈਦਾਵਾਰ ਦੇ ਸੰਕਟ ਨਾਲ ਸਿੱਝਣ ਲਈ ਕੇਂਦਰ ਸਰਕਾਰ ਦੀ ਹਦਾਇਤ ਉੱਤੇ ਜਨਤਕ ਅਦਾਰੇ ‘ਕੋਲ ਇੰਡੀਆ’ ਨੇ 24 ਲੱਖ ਟਨ ਵਿਦੇਸ਼ੀ ਕੋਲਾ ਖਰੀਦਣ ਦੇ ਟੈਂਡਰ ਪਾਏ ਹਨ। ਇਹ ਕੋਲਾ ਪੰਜਾਬ ਸਮੇਤ ਵੱਖ-ਵੱਖ ਰਾਜਾਂ ਵਿਚ ਕੰਮ ਕਰ ਰਹੀਆਂ 26 ਬਿਜਲੀ ਉਤਪਾਦਨ ਕੰਪਨੀਆਂ ਨੂੰ ਮਿਲੇਗਾ।

ਰੂਸ-ਯੂਕਰੇਨ ਜੰਗ ਅਤੇ ਕਈ ਹੋਰ ਕਾਰਨਾਂ ਕਰ ਕੇ ਅੰਤਰਰਾਸ਼ਟਰੀ ਮੰਡੀ ਵਿਚ ਵਿਦੇਸ਼ੀ ਕੋਲੇ ਦਾ ਭਾਅ ਬਹੁਤ ਵਧਿਆ ਹੋਇਆ ਹੈ। ਕੇਂਦਰ ਸਰਕਾਰ ਨੇ ਰਾਜ ਸਰਕਾਰਾਂ ਦੀ ਬਾਂਹ ਮਰੋੜਦਿਆਂ ਇਹ ਫੈਸਲਾ ਵੀ ਸੁਣਾ ਦਿੱਤਾ ਸੀ ਕਿ ਦੇਸੀ ਕੋਲਾ ਵੀ ਤਾਂ ਹੀ ਦਿੱਤਾ ਜਾਵੇਗਾ ਜੇਕਰ ਉਹ ਕੁੱਲ ਕੋਲੇ ਦੀ ਖਪਤ ਦਾ ਦਸ ਫੀਸਦੀ ਹਿੱਸਾ ਵਿਦੇਸ਼ੀ ਕੋਲੇ ਦੀ ਖਰੀਦ ਕਰਨਗੀਆਂ। ਪੰਜਾਬ ਨੇ ਨਿੱਜੀ ਥਰਮਲ ਪਲਾਂਟਾਂ ਅਤੇ ਕੁਝ ਸਰਕਾਰੀ ਥਰਮਲ ਪਲਾਂਟਾਂ ਲਈ 4 ਲੱਖ ਟਨ ਵਿਦੇਸ਼ੀ ਕੋਲਾ ਪਹਿਲਾਂ ਹੀ ਖਰੀਦ ਲਿਆ ਹੈ।



ਕੇਂਦਰ ਦੀ ਹਦਾਇਤ ਤੋਂ ਬਾਅਦ ਪੰਜਾਬ ਦੇ ਥਰਮਲ ਪਲਾਂਟਾਂ ਵਿਚ ਵਰਤੇ ਜਾਣ ਵਾਲਾ ਵਿਦੇਸ਼ੀ ਕੋਲੇ ਦੀ ਲਾਗਤ ਖਪਤਕਾਰਾਂ ਨੂੰ ਆਉਣ ਵਾਲੇ ਸਮੇਂ ਵਿਚ 70 ਪੈਸੇ ਤੋਂ ਲੈ ਕੇ ਇਕ ਰੁਪਏ ਪ੍ਰਤੀ ਯੂਨਿਟ ਖਰਚੇ ਦੇ ਤੌਰ ਉਤੇ ਭਰਨੀ ਪੈ ਸਕਦੀ ਹੈ ਤੇ ਪਾਵਰਕਾਮ ਵੱਲੋਂ ਇਹ ਵਸੂਲੀ ‘ਤਿਮਾਹੀ ਫਿਊਲ ਸਰਚਾਰਜ ਐਡਜਸਟਮੈਂਟ’ ਦੇ ਤੌਰ ਉਤੇ ਹੀ ਵਸੂਲੀ ਜਾ ਸਕਦੀ ਹੈ, ਕਿਉਂਕਿ ਪਾਵਰਕਾਮ ਨੂੰ ਵਿਦੇਸ਼ੀ ਕੋਲੇ ਦੀ ਖਰੀਦ ਲਈ 1500 ਕਰੋੜ ਰੁਪਏ ਦਾ ਵਾਧੂ ਖਰਚਾ ਪੈ ਗਿਆ ਹੈ। ਇਸ ਤੋਂ ਪਹਿਲਾਂ ਹੀ ਪਾਵਰਕਾਮ ਵੱਲੋਂ ਸਮੇਂ-ਸਮੇਂ ਸਿਰ ਮਹਿੰਗੇ ਹੁੰਦੇ ਕੋਲੇ ਦੇ ਖਰਚੇ ਦੀ ਵਸੂਲੀ ‘ਫਿਊਲ ਸਰਚਾਰਜ’ ਵਧਾ ਕੇ ਕੀਤੀ ਜਾਂਦੀ ਰਹੀ ਹੈ। ਪੰਜਾਬ ਵਿਚ ਸਤੰਬਰ ਤੱਕ ਖਰੀਦੇ ਜਾਣ ਵਾਲੇ 80 ਲੱਖ ਟਨ ਕੋਲੇ ਵਿਚ ਕਰੀਬ 8 ਲੱਖ ਟਨ ਵਿਦੇਸ਼ੀ ਕੋਲੇ ਦੀ ਖਰੀਦ ਕੀਤੀ ਜਾਣੀ ਹੈ। ਵਿਦੇਸ਼ੀ ਕੋਲੇ ਕਰਕੇ ਰਾਜਾਂ ਦੇ ਉਪਰ 24000 ਕਰੋੜ ਦਾ ਵਾਧੂ ਖਰਚਾ ਪੈ ਜਾਵੇਗਾ। ਪੰਜਾਬ ਨੇ ਇੰਡੋਨੇਸ਼ੀਆ ਤੋਂ 1.5 ਲੱਖ ਮੀਟਰਿਕ ਟਨ ਕੋਲੇ ਦਾ ਆਰਡਰ ਦਿੱਤਾ ਹੈ, ਜਦੋਂਕਿ ਕੋਲ ਇੰਡੀਆ ਨੂੰ ਬਾਕੀ ਕੋਲੇ ਦੀ ਮਾਤਰਾ ਦੀ ਦਰਾਮਦ ਕਰਨ ਲਈ ਕਿਹਾ ਹੈ। ਜ਼ਿਕਰਯੋਗ ਹੈ ਕਿ ਕੇਂਦਰ ਸਰਕਾਰ ਕੋਵਿਡ-19 ਮਹਾਂਮਾਰੀ ਤੋਂ ਬਾਅਦ ਬਿਜਲੀ ਅਤੇ ਕੋਲੇ ਦੀ ਮੰਗ ਦਾ ਅੰਦਾਜ਼ਾ ਲਗਾਉਣ ਵਿਚ ਅਸਫਲ ਰਹੀ ਹੈ, ਜਿਸ ਨੇ ਦੇਸ ਨੂੰ ਇਸ ਵਾਰ ਕੋਲੇ ਦੇ ਸੰਕਟ ਵਿਚ ਪਾ ਦਿੱਤਾ ਹੈ। ਪਿਛਲੇ 9 ਮਹੀਨਿਆਂ ਵਿਚ ਇਹ ਦੂਜੀ ਵਾਰ ਹੈ ਕਿ ਕੋਲਾ ਸੰਕਟ ਪੈਦਾ ਹੋਇਆ ਹੈ ਅਤੇ ਸੰਕੇਤਾਂ ਮੁਤਾਬਕ ਮਾਨਸੂਨ ਵਿਚ ਤਾਂ ਇਹ ਸਮੱਸਿਆ ਹੋਰ ਵਧਣ ਦੀ ਸ਼ੰਕਾ ਹੈ।

# ਐਮ.ਐਸ.ਪੀ. ਬਾਰੇ ਕੇਂਦਰ ਨੇ ਪੰਜਾਬ ਦੇ ਕਿਸਾਨਾਂ ਪੱਲੇ ਨਿਰਾਸ਼ਾ ਪਾਈ

**ਚੰਡੀਗੜ੍ਹ:** ਕੇਂਦਰ ਸਰਕਾਰ ਨੇ 14 ਫਸਲਾਂ ਦੇ ਭਾਅ ਵਿਚ ਵਾਧਾ ਕਰ ਕੇ ਇਸ ਨੂੰ ਕਿਸਾਨਾਂ ਲਈ ਤੋਹਫ਼ਾ ਦੱਸਿਆ ਹੈ, ਪਰ ਝੋਨੇ ਦੇ ਭਾਅ ਵਿਚ ਕੀਤਾ ਗਿਆ ਸੌ ਰੁਪਏ ਪ੍ਰਤੀ ਕੁਇੰਟਲ ਦਾ ਵਾਧਾ ਪੰਜਾਬ ਦੇ ਕਿਸਾਨਾਂ ਨੂੰ ਧਰਵਾਸ ਨਹੀਂ ਬੰਨ੍ਹ ਸਕਿਆ ਹੈ। ਕਣਕ ਦੀ ਫਸਲ ਦੇ ਝਾੜ 'ਤੇ ਪਈ ਮਾਰ ਕਰ ਕੇ ਕਿਸਾਨਾਂ ਨੂੰ ਝੋਨੇ ਦੇ ਭਾਅ ਵਿਚ ਚੰਗਾ ਵਾਧਾ ਮਿਲਣ ਦੀ ਆਸ ਸੀ ਪਰ ਕੇਂਦਰ ਸਰਕਾਰ ਨੇ ਸੌ ਰੁਪਏ ਪ੍ਰਤੀ ਕੁਇੰਟਲ ਦਾ ਹੀ ਵਾਧਾ ਦਿੱਤਾ ਹੈ। ਝੋਨੇ ਦੀ ਬਿਜਾਈ ਤੋਂ ਪਹਿਲਾਂ ਹੀ ਪੰਜਾਬ ਵਿਚ ਬਿਜਲੀ ਸੰਕਟ ਦਾ ਡਰ ਵੀ ਕਿਸਾਨਾਂ ਨੂੰ ਸਤਾ ਰਿਹਾ ਹੈ।



ਝੋਨੇ ਸਮੇਤ ਖਰੀਫ ਦੀਆਂ 14 ਮੁੱਖ ਫਸਲਾਂ ਦੇ ਘੱਟੋ-ਘੱਟ ਸਮਰਥਨ ਮੁੱਲ ਦਾ ਐਲਾਨ ਕਰਨ ਨਾਲ ਖਰੀਦ ਦੀ ਗਰੰਟੀ ਦਾ ਮੁੱਦਾ ਮੁੜ ਚਰਚਾ ਵਿਚ ਆ ਗਿਆ ਹੈ। ਇਹ ਵਾਧਾ ਪਿਛਲੇ ਸਾਲ ਦੇ ਮੁਕਾਬਲੇ 4 ਤੋਂ 9 ਫੀਸਦੀ ਦੇ ਵਿਚਾਲੇ ਹੈ। ਝੋਨੇ ਦੀ ਸਾਧਾਰਨ ਕਿਸਮ ਦਾ ਘੱਟੋ-ਘੱਟ ਸਮਰਥਨ ਮੁੱਲ 100 ਰੁਪਏ ਪ੍ਰਤੀ ਕੁਇੰਟਲ ਵਧਾ ਕੇ 2040 ਰੁਪਏ ਕਰ ਦਿੱਤਾ ਹੈ ਅਤੇ ਮੱਕੀ ਦਾ 4.92 ਫੀਸਦੀ ਦੇ ਵਾਧੇ ਨਾਲ 1962 ਰੁਪਏ ਪ੍ਰਤੀ ਕੁਇੰਟਲ। ਦਾਲਾਂ ਵਿਚ ਵਾਧਾ ਪੰਜ ਫੀਸਦੀ ਤੋਂ ਘੱਟ ਹੈ। ਸੋਇਆਬੀਨ (ਪੀਲੀ) ਅਤੇ ਕੁਝ ਹੋਰ ਫਸਲਾਂ ਦੇ ਸਮਰਥਨ ਮੁੱਲ ਵਿਚ 5.8 ਫੀਸਦੀ ਦੇ ਵਾਧੇ ਦਾ ਐਲਾਨ ਕੀਤਾ ਹੈ। ਪੰਜਾਬ ਵਿਚ ਸਭ ਤੋਂ ਮਹੱਤਵਪੂਰਨ ਫਸਲ ਝੋਨੇ ਦੀ ਹੈ ਜੋ ਲਗਭਗ 28 ਲੱਖ ਹੈਕਟੇਅਰ ਰਕਬੇ ਵਿਚ ਬੀਜੀ ਜਾਂਦੀ ਹੈ। ਅਪਰੈਲ ਮਹੀਨੇ ਥੋਕ ਮਹਿੰਗਾਈ ਦੀ ਦਰ 15.08 ਫੀਸਦੀ ਰਹੀ ਸੀ। ਜੇਕਰ ਫਸਲਾਂ ਦੀ ਲਾਗਤ ਭਾਵ ਡੀਜ਼ਲ, ਬੀਜ, ਖਾਦ, ਕੀਟਨਾਸ਼ਕ, ਨਦੀਨਨਾਸ਼ਕ, ਮਜ਼ਦੂਰੀ ਆਦਿ ਵਿਚ ਵਾਧੇ ਦੀਆਂ ਦਰਾਂ ਦੇਖੀਆਂ ਜਾਣ ਤਾਂ ਇਹ ਵਾਧਾ ਲਾਗਤ ਵਿਚ ਆਈ ਮਹਿੰਗਾਈ ਨੂੰ ਵੀ ਪੂਰਿਆਂ ਨਹੀਂ ਕਰਦਾ।

ਕਿਸਾਨ ਝੋਨੇ ਦਾ ਲਾਗਤ ਖਰਚ ਵਧਣ ਦੀ ਗੱਲ ਆਖ ਰਹੇ ਹਨ। ਪੰਜਾਬ ਖੇਤੀਬਾੜੀ ਯੂਨੀਵਰਸਿਟੀ ਦੇ ਮਾਹਿਰ ਡਾ. ਸੁਖਪਾਲ ਸਿੰਘ ਦਾ ਕਹਿਣਾ ਹੈ ਕਿ ਮਹਿੰਗਾਈ ਦਰ 6.7 ਫ਼ੀਸਦੀ ਵਧੀ ਹੈ ਜਦੋਂ ਕਿ 11 ਫਸਲਾਂ ਦੇ ਭਾਅ ਵਿਚ ਵਾਧੇ ਦੀ ਦਰ ਮਹਿੰਗਾਈ ਦਰ ਨਾਲੋਂ ਘੱਟ ਹੈ।

ਉਨ੍ਹਾਂ ਕਿਹਾ ਕਿ ਕੌਮਾਂਤਰੀ ਪੱਧਰ 'ਤੇ ਅਨਾਜ ਦਾ ਸੰਕਟ ਵੀ ਬਣਿਆ ਹੋਇਆ ਹੈ ਅਤੇ ਇਧਰ ਪੰਜਾਬ ਵਿਚ ਕਿਸਾਨ ਕਰਜ਼ੇ ਦੀ ਲਪੇਟ ਵਿਚ ਹਨ ਤੇ ਖ਼ੁਦਕੁਸ਼ੀਆਂ ਦਾ ਸਿਲਸਿਲਾ ਵੀ ਰੁਕ ਨਹੀਂ ਰਿਹਾ ਹੈ। ਕੇਂਦਰ ਸਰਕਾਰ ਨੇ ਝੋਨੇ ਦਾ ਭਾਅ ਪ੍ਰਤੀ ਕੁਇੰਟਲ 1940 ਰੁਪਏ ਤੋਂ ਵਧਾ ਕੇ 2040 ਰੁਪਏ ਪ੍ਰਤੀ ਕੁਇੰਟਲ ਕਰ ਦਿੱਤਾ ਹੈ।

ਨਜ਼ਰ ਮਾਰੀਏ ਤਾਂ ਕੇਂਦਰ ਦੀ ਐਨ.ਡੀ.ਏ. ਸਰਕਾਰ ਨੇ ਲੰਘੇ ਅੱਠ ਵਰ੍ਹਿਆਂ ਦੌਰਾਨ ਝੋਨੇ ਦੇ ਭਾਅ ਵਿਚ ਸਿਰਫ 50 ਫ਼ੀਸਦੀ ਦਾ ਵਾਧਾ ਕੀਤਾ ਹੈ। ਅੱਠ ਵਰ੍ਹੇ ਪਹਿਲਾਂ ਝੋਨੇ ਦਾ ਭਾਅ 1360 ਰੁਪਏ ਪ੍ਰਤੀ ਕੁਇੰਟਲ ਸੀ ਜੋ ਕਿ ਹੁਣ ਵਧ ਕੇ 2040 ਰੁਪਏ ਪ੍ਰਤੀ ਕੁਇੰਟਲ ਹੋ ਗਿਆ ਹੈ। ਦੂਜੇ ਪਾਸੇ ਯੂ.ਪੀ.ਏ. ਸਰਕਾਰ ਦੇ ਕਾਰਜਕਾਲ ਦੌਰਾਨ ਦਸ ਵਰ੍ਹਿਆਂ ਵਿਚ ਝੋਨੇ ਦੀ ਕੀਮਤ ਵਿਚ 130 ਫ਼ੀਸਦੀ ਦਾ ਵਾਧਾ ਹੋਇਆ ਸੀ। 2005-06 ਵਿਚ ਝੋਨੇ ਦਾ ਸਮਰਥਨ ਮੁੱਲ 570 ਰੁਪਏ ਪ੍ਰਤੀ ਕੁਇੰਟਲ ਸੀ ਜੋ ਕਿ 2013-14 ਵਿਚ ਵਧ ਕੇ 1310 ਰੁਪਏ ਪ੍ਰਤੀ ਕੁਇੰਟਲ ਹੋ ਗਿਆ ਸੀ। ਕਿਸਾਨ ਆਗੂ ਆਖਦੇ ਹਨ ਕਿ ਕੇਂਦਰ ਸਰਕਾਰ ਨੇ ਕੀਤੇ ਵਾਅਦੇ ਅਨੁਸਾਰ ਕਿਸਾਨਾਂ ਦੀ ਆਮਦਨ ਦੁੱਗਣੀ ਤਾਂ ਕੀ ਕਰਨੀ ਸੀ ਬਲਕਿ ਕਿਸਾਨਾਂ ਨੂੰ ਬਣਦਾ ਭਾਅ ਦੇਣ ਤੋਂ ਵੀ ਭੱਜ ਗਈ ਹੈ।

ਸਾਲ 2022-23 ਲਈ ਝੋਨੇ ਤੇ ਬਾਜਰੇ ਦੀਆਂ ਘੱਟੋ-ਘੱਟ ਕੀਮਤਾਂ ਵਿੱਚ 100 ਰੁਪਏ ਕੁਇੰਟਲ ਦਾ ਵਾਧਾ ਕੀਤਾ ਗਿਆ ਹੈ ਜਦਕਿ ਤੂਰ (ਅਰਹਰ), ਮਾਂਹ ਅਤੇ ਮੂੰਗਫਲੀ ਦੀਆਂ ਘੱਟੋ-ਘੱਟ ਕੀਮਤਾਂ 'ਚ 300 ਰੁਪਏ ਪ੍ਰਤੀ ਕੁਇੰਟਲ ਦਾ ਵਾਧਾ ਕੀਤਾ ਗਿਆ ਹੈ। ਝੋਨੇ ਦੀ ਆਮ ਕਿਸਮ ਦਾ ਐਮ.ਐਸ.ਪੀ. 1940 ਰੁਪਏ ਤੋਂ ਵਧਾ ਕੇ 2040 ਰੁਪਏ ਪ੍ਰਤੀ ਕੁਇੰਟਲ ਕਰ ਦਿੱਤਾ ਗਿਆ ਹੈ ਜਦਕਿ ਝੋਨੇ ਦੀ 'ਏ' ਗਰੇਡ ਕਿਸਮ ਦਾ ਘੱਟੋ-ਘੱਟ ਸਮਰਥਨ ਮੁੱਲ 1960 ਰੁਪਏ ਤੋਂ ਵਧਾ ਕੇ 2060 ਰੁਪਏ ਪ੍ਰਤੀ ਕੁਇੰਟਲ ਕਰ ਦਿੱਤਾ ਗਿਆ ਹੈ। ਵਪਾਰਕ ਫਸਲਾਂ 'ਚੋਂ ਮੱਧਮ ਮੁੱਖ ਕਿਸਮ ਦੀ ਕਪਾਹ ਦਾ ਮੁੱਲ 5726 ਰੁਪਏ ਤੋਂ ਵਧਾ ਕੇ 6080 ਰੁਪਏ ਕਰ ਦਿੱਤਾ ਗਿਆ ਹੈ ਜਦਕਿ ਲੰਬੀ ਮੁੱਖ ਕਿਸਮ ਦੀ ਕਪਾਹ ਦਾ ਮੁੱਲ 6025 ਤੋਂ ਵਧਾ ਕੇ 6380 ਰੁਪਏ ਕੁਇੰਟਲ ਐਲਾਨਿਆ ਗਿਆ ਹੈ। ਦਾਲਾਂ ਵਿਚੋਂ ਤੂਰ ਦਾ ਘੱਟੋ-ਘੱਟ ਸਮਰਥਨ ਮੁੱਲ ਵਧਾ ਕੇ 6600 ਰੁਪਏ ਕੁਇੰਟਲ ਕਰ ਦਿੱਤਾ ਗਿਆ ਹੈ ਜੋ ਕਿ ਪਿਛਲੇ ਸਾਲ 6300 ਰੁਪਏ ਸੀ ਜਦਕਿ ਮੂੰਗੀ ਦੀ ਦਾਲ ਦਾ ਐਮ.ਐਸ.ਪੀ. 7275 ਤੋਂ ਵਧਾ ਕੇ 7755 ਰੁਪਏ ਕੁਇੰਟਲ ਕਰ ਦਿੱਤਾ ਗਿਆ ਹੈ।

### ਝੋਨੇ ਦੇ ਐਮ.ਐਸ.ਪੀ. 'ਚ ਵਾਧਾ ਰੱਦ

**ਚੰਡੀਗੜ੍ਹ:** ਕੁੱਲ ਹਿੰਦ ਕਿਸਾਨ ਫੈਡਰੇਸ਼ਨ (ਏ.ਆਈ.ਕੇ.ਐਫ.) ਨੇ ਕੇਂਦਰ ਸਰਕਾਰ ਵੱਲੋਂ ਝੋਨੇ ਤੇ ਹੋਰ ਫਸਲਾਂ ਦੇ ਐਮ.ਐਸ.ਪੀ. 'ਚ ਕੀਤੇ ਵਾਧੇ ਨੂੰ ਖੇਤੀ ਲਾਗਤਾਂ ਦੀਆਂ ਵਧਦੀਆਂ ਕੀਮਤਾਂ ਦੇ ਮੁਕਾਬਲੇ ਮਾਮੂਲੀ ਦੱਸਦਿਆਂ ਰੱਦ ਕਰ ਦਿੱਤਾ ਹੈ। ਏ.ਆਈ.ਕੇ.ਐਫ. ਦੇ ਪ੍ਰਧਾਨ ਪ੍ਰੇਮ ਸਿੰਘ ਭੰਗੂ ਨੇ ਕਿਹਾ ਕਿ ਮਹਿੰਗਾਈ 6.7 ਫ਼ੀਸਦ ਤੱਕ ਪਹੁੰਚ ਗਈ ਹੈ। ਇਸ ਦੇ ਨਾਲ ਹੀ ਖੇਤੀ ਲਾਗਤ ਵੀ ਕਈ ਗੁਣਾਂ ਤੱਕ ਵੱਧ ਗਈ ਹੈ, ਜਿਸ ਕਾਰਨ ਕਿਸਾਨਾਂ ਦੀ ਆਮਦਨ ਵਿਚ ਭਾਰੀ ਗਿਰਾਵਟ ਆਈ ਹੈ।

# ਗੈਂਗਸਟਰ ਫੜਨ ਲਈ ਕੈਨੇਡਾ ਸਰਕਾਰ ਤੋਂ ਸਹਿਯੋਗ ਮੰਗਿਆ

**ਚੰਡੀਗੜ੍ਹ:** ਮੁੱਖ ਮੰਤਰੀ ਭਗਵੰਤ ਮਾਨ ਨੇ ਗੈਂਗਸਟਰਾਂ ਨੂੰ ਫੜਨ ਲਈ ਕੈਨੇਡਾ ਸਰਕਾਰ ਤੋਂ ਸਹਿਯੋਗ ਦੀ ਮੰਗ ਕੀਤੀ ਹੈ। ਇਨ੍ਹਾਂ ਗੈਂਗਸਟਰਾਂ ਵੱਲੋਂ ਕੈਨੇਡਾ ਤੋਂ ਘਟਨਾਵਾਂ ਨੂੰ ਅੰਜਾਮ ਦਿੱਤਾ ਜਾ ਰਿਹਾ ਹੈ। ਮੁੱਖ ਮੰਤਰੀ ਨੇ ਇਥੇ ਆਪਣੀ ਸਰਕਾਰੀ ਰਿਹਾਇਸ਼ ਉਤੇ ਕੈਨੇਡੀਅਨ ਹਾਈ ਕਮਿਸ਼ਨਰ ਕੈਮਰੌਨ ਮਕਾਏ ਨਾਲ ਮੁਲਾਕਾਤ ਦੌਰਾਨ ਇਹ ਮੁੱਦਾ ਉਠਾਉਂਦਿਆਂ ਪੰਜਾਬ ਅਤੇ ਕੈਨੇਡਾ 'ਚ ਗਰੋਹਾਂ ਤੇ ਗੈਂਗਸਟਰਾਂ ਦੇ ਵਾਧੇ ਉਤੇ ਚਿੰਤਾ ਦਾ ਪ੍ਰਗਟਾਵਾ ਕੀਤਾ।



ਮੁੱਖ ਮੰਤਰੀ ਨੇ ਕੈਨੇਡੀਅਨ ਹਾਈ ਕਮਿਸ਼ਨਰ ਨੂੰ ਦੱਸਿਆ ਕਿ ਕੈਨੇਡਾ 'ਚ ਬੈਠੇ ਕੁਝ ਪੰਜਾਬੀ ਗੈਂਗਸਟਰ ਸੂਬੇ 'ਚ ਸ਼ਾਂਤੀ ਦੇ ਮਾਹੌਲ ਨੂੰ ਵਿਗਾੜਨ ਦੀਆਂ ਕੋਸ਼ਿਸ਼ਾਂ ਕਰ ਰਹੇ ਹਨ। ਉਨ੍ਹਾਂ ਕਿਹਾ ਕਿ ਇਹ ਗੈਂਗਸਟਰ ਇਕ ਪਾਸੇ ਅਮਨ ਤੇ ਕਾਨੂੰਨ ਦੀ ਸਮੱਸਿਆ ਖੜ੍ਹੀ ਕਰ ਰਹੇ ਹਨ ਅਤੇ ਦੂਜੇ ਪਾਸੇ ਸੂਬੇ ਦੀ ਤਰੱਕੀ ਦੀ ਰਫਤਾਰ ਨੂੰ ਲੀਹੋਂ ਉਤਾਰ ਰਹੇ ਹਨ। ਮੁੱਖ ਮੰਤਰੀ ਨੇ ਇਨ੍ਹਾਂ ਗੈਂਗਸਟਰਾਂ ਵਿਰੁੱਧ ਸਖਤ ਕਾਰਵਾਈ ਦੀ ਵਕਾਲਤ ਕਰਦਿਆਂ ਕਿਹਾ ਕਿ ਉਨ੍ਹਾਂ ਨੂੰ ਸਖਤ ਤੋਂ ਸਖਤ ਧਾਰਾਵਾਂ ਤਹਿਤ ਸਜਾ ਮਿਲਣੀ ਚਾਹੀਦੀ ਹੈ ਤਾਂ ਜੋ ਕੋਈ ਹੋਰ ਇਸ ਰਾਹ ਉਤੇ ਜਾਣ ਤੋਂ ਗੁਰੇਜ਼ ਕਰੇ। ਕੈਨੇਡਾ ਅਤੇ ਪੰਜਾਬ ਪੁਲਿਸ ਵਿਚਾਲੇ ਸਾਂਝੀ ਪੁਲਿਸ ਕਾਰਵਾਈ ਦੀ ਵਕਾਲਤ ਕਰਦਿਆਂ ਉਨ੍ਹਾਂ ਕਿਹਾ ਕਿ ਸਿਰਫ ਇਹੋ ਇਕ ਰਾਹ ਹੈ, ਜਿਸ ਨਾਲ ਦੋਵੇਂ ਥਾਵਾਂ ਨੂੰ ਗੈਂਗਸਟਰਾਂ ਤੋਂ ਮੁਕਤ ਕਰਵਾਇਆ ਜਾ ਸਕਦਾ ਹੈ। ਉਨ੍ਹਾਂ ਕਿਹਾ ਕਿ ਜੇ ਕੈਨੇਡਾ ਵਰਗੀ ਆਧੁਨਿਕ ਪੁਲਿਸ ਫੋਰਸ ਪੰਜਾਬ ਪੁਲਿਸ ਦਾ ਸਹਿਯੋਗ ਕਰੇਗੀ ਤਾਂ ਇਨ੍ਹਾਂ ਗਰੋਹਾਂ ਦਾ ਆਸਾਨੀ ਨਾਲ ਖਾਤਮਾ ਕੀਤਾ ਜਾ ਸਕਦਾ ਹੈ। 'ਇਹ ਸਮੇਂ ਦੀ ਲੋੜ ਹੈ ਕਿਉਂਕਿ ਇਨ੍ਹਾਂ ਗੈਂਗਸਟਰਾਂ ਦੀਆਂ ਕਾਰਵਾਈਆਂ ਕੈਨੇਡਾ ਅਤੇ ਪੰਜਾਬ ਦੇ ਸਮਾਜ, ਅਰਥਚਾਰੇ ਤੇ ਜੀਵਨ ਲਈ ਗੰਭੀਰ ਖਤਰਾ ਖੜ੍ਹਾ ਕਰ ਰਹੀਆਂ ਹਨ।

# ਜਾਅਲੀ ਡਿਗਰੀ 'ਤੇ ਨੌਕਰੀ ਲੈਣ ਵਾਲਿਆਂ ਦੀ ਹੁਣ ਖੈਰ ਨਹੀਂ

**ਚੰਡੀਗੜ੍ਹ:** ਪੰਜਾਬ ਦੇ ਵੱਖ-ਵੱਖ ਸਰਕਾਰੀ ਵਿਭਾਗਾਂ ਵਿਚ ਜਾਅਲੀ ਡਿਗਰੀਆਂ ਦੇ ਆਧਾਰ 'ਤੇ ਨੌਕਰੀਆਂ ਹਾਸਲ ਕਰਨ ਵਾਲਿਆਂ ਦੀ ਹੁਣ ਖੈਰ ਨਹੀਂ ਹੈ। ਅਜਿਹੇ ਲੋਕਾਂ ਖ਼ਿਲਾਫ਼ 'ਆਪ' ਸਰਕਾਰ ਜਲਦ ਕਾਰਵਾਈ ਕਰਨ ਜਾ ਰਹੀ ਹੈ। ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ ਆਖਿਆ ਹੈ ਕਿ ਜਾਅਲੀ ਦਸਤਾਵੇਜ਼ਾਂ ਦੀ ਵਰਤੋਂ ਕਰਕੇ ਸਰਕਾਰੀ ਨੌਕਰੀਆਂ ਹਾਸਲ ਕਰਨ ਵਾਲਿਆਂ 'ਚ ਸੂਬੇ ਦੇ ਪ੍ਰਭਾਵਸ਼ਾਲੀ ਲੋਕ ਤੇ ਸਿਆਸਤਦਾਨਾਂ ਦੇ ਰਿਸ਼ਤੇਦਾਰ ਸ਼ਾਮਲ ਹਨ, ਜਿਨ੍ਹਾਂ ਖ਼ਿਲਾਫ਼ ਜਲਦੀ ਕਾਰਵਾਈ ਕੀਤੀ ਜਾਵੇਗੀ।

ਸ੍ਰੀ ਮਾਨ ਨੇ ਟਵੀਟ ਵਿਚ ਕਿਹਾ, 'ਉਨ੍ਹਾਂ ਨੂੰ ਪਤਾ ਲੱਗਿਆ ਹੈ ਕਿ ਰਸੂਖ਼ਦਾਰ ਤੇ ਸਿਆਸੀ ਲੋਕਾਂ ਦੇ ਰਿਸ਼ਤੇਦਾਰ ਜਾਅਲੀ ਡਿਗਰੀਆਂ ਨਾਲ ਸਰਕਾਰੀ ਨੌਕਰੀਆਂ ਕਰ ਰਹੇ ਹਨ। ਜਲਦ ਹੀ ਪੰਜਾਬ ਦੇ ਲੋਕਾਂ ਦੇ ਟੈਕਸ ਦੇ ਇਕ-ਇਕ ਪੈਸੇ ਦਾ ਹਿਸਾਬ ਲੋਕਾਂ ਸਾਹਮਣੇ ਰੱਖਿਆ ਜਾਵੇਗਾ।' ਮੁੱਖ ਮੰਤਰੀ ਦੇ ਟਵੀਟ ਤੋਂ ਬਾਅਦ ਜਾਅਲੀ ਦਸਤਾਵੇਜ਼ਾਂ ਦੇ ਆਧਾਰ 'ਤੇ ਸਰਕਾਰੀ ਨੌਕਰੀਆਂ ਹਾਸਲ ਕਰਨ ਵਾਲਿਆਂ ਨੂੰ ਮੁਸ਼ਕਲ ਖੜ੍ਹੀ ਹੋ ਗਈ ਹੈ। ਦੂਜੇ ਪਾਸੇ, ਪ੍ਰਸ਼ਾਸਨਿਕ ਅਧਿਕਾਰੀਆਂ ਨੇ ਇਸ ਸਬੰਧੀ ਜਾਂਚ ਦੀ ਤਿਆਰੀ ਖਿੱਚ ਲਈ ਹੈ। ਪੰਜਾਬ ਸਰਕਾਰ ਕੋਲ ਪੌਣੇ ਤਿੰਨ ਮਹੀਨੇ ਦੇ ਕਾਰਜਕਾਲ ਦੌਰਾਨ ਕਈ ਅਜਿਹੇ ਮਾਮਲੇ ਸਾਹਮਣੇ ਆਏ ਹਨ। ਇਨ੍ਹਾਂ ਵਿਚ ਸੂਬੇ ਦੇ ਵਿੱਤ ਅਤੇ ਸਹਿਕਾਰੀ ਵਿਭਾਗਾਂ ਵਿਚ ਜਾਅਲੀ ਡਿਗਰੀਆਂ ਦੇ ਆਧਾਰ 'ਤੇ ਵੱਡੀ ਗਿਣਤੀ ਵਿਚ ਲੋਕਾਂ ਨੂੰ ਨੌਕਰੀਆਂ ਦਿੱਤੀਆਂ ਗਈਆਂ। ਇਸ ਸਬੰਧੀ ਕਾਰਵਾਈ ਕਰਦਿਆਂ ਕੁਝ ਦਿਨ ਪਹਿਲਾਂ ਹੀ ਪੰਜਾਬ ਰਾਜ ਸਹਿਕਾਰੀ ਖੇਤੀਬਾੜੀ ਵਿਕਾਸ ਬੈਂਕ ਦੇ ਮੈਨੇਜਰ ਰੈਂਕ ਦੇ ਅਧਿਕਾਰੀ ਨੂੰ ਬਰਖ਼ਾਸਤ ਕੀਤਾ ਗਿਆ ਸੀ। ਪ੍ਰਾਪਤ ਜਾਣਕਾਰੀ ਅਨੁਸਾਰ ਇਹ ਅਧਿਕਾਰੀ 21 ਸਾਲ ਪਹਿਲਾਂ ਬੈਂਕ ਵਿਚ ਭਰਤੀ ਹੋਇਆ ਸੀ। ਸੂਤਰਾਂ ਦਾ ਕਹਿਣਾ ਹੈ ਕਿ ਪੰਜਾਬ ਸਰਕਾਰ ਸੂਬੇ ਵਿਚ ਜਾਅਲੀ ਦਸਤਾਵੇਜ਼ਾਂ ਦੇ ਆਧਾਰ 'ਤੇ ਨੌਕਰੀਆਂ ਕਰਨ ਵਾਲਿਆਂ ਨੂੰ ਫਾਰਗ ਕਰਕੇ ਯੋਗ ਨੌਜਵਾਨਾਂ ਨੂੰ ਨੌਕਰੀ ਦੇਣ ਦੀ ਚਾਹਵਾਨ ਹੈ।




ਇਸ ਤੋਂ ਪਹਿਲਾਂ ਪੰਜਾਬ ਦੇ ਕੈਬਨਿਟ ਮੰਤਰੀ ਹਰਜੋਤ ਸਿੰਘ ਬੈਂਸ ਵੱਲੋਂ ਪੰਜਾਬ ਵਿਧਾਨ ਸਭਾ ਵਿਚ ਪਿਛਲੇ ਸਮੇਂ ਦੌਰਾਨ ਕੀਤੀ ਭਰਤੀ ਦਾ ਮੁੱਦਾ ਚੁੱਕਿਆ ਗਿਆ ਸੀ। ਸ੍ਰੀ ਬੈਂਸ ਨੇ ਵਿਧਾਨ ਸਭਾ ਸਪੀਕਰ ਨੂੰ ਇਸ ਸਬੰਧੀ ਸ਼ਿਕਾਇਤ ਕਰਕੇ ਇਨ੍ਹਾਂ ਭਰਤੀਆਂ ਸਬੰਧੀ ਜਾਂਚ ਦੀ ਮੰਗ ਕੀਤੀ ਸੀ। ਉਨ੍ਹਾਂ ਦਾ ਕਹਿਣਾ ਸੀ ਕਿ ਕਾਂਗਰਸ ਸਰਕਾਰ ਦੇ ਸਮੇਂ ਵੱਡੀ ਗਿਣਤੀ ਵਿਚ ਰਾਜਸੀ ਆਗੂਆਂ ਨੇ ਆਪਣੇ ਰਿਸ਼ਤੇਦਾਰ ਅਤੇ ਕਰੀਬੀਆਂ ਨੂੰ ਵਿਧਾਨ ਸਭਾ 'ਚ ਨੌਕਰੀ 'ਤੇ ਲਗਵਾਇਆ ਹੈ। ਕੈਬਨਿਟ ਮੰਤਰੀ ਦੀ ਸ਼ਿਕਾਇਤ 'ਤੇ ਵਿਧਾਨ ਸਭਾ ਵੱਲੋਂ ਇਸ ਮਾਮਲੇ ਦੀ ਜਾਂਚ ਕਰਵਾਈ ਜਾ ਰਹੀ ਹੈ।

# ਬਜਟ ਸੈਸ਼ਨ ਮਗਰੋਂ ਕੈਬਨਿਟ ਵਿਚ ਵਾਧੇ ਦੀ ਸੰਭਾਵਨਾ

**ਚੰਡੀਗੜ੍ਹ:** 'ਆਪ' ਸਰਕਾਰ ਹੁਣ ਪੰਜਾਬ ਵਜ਼ਾਰਤ ਵਿਚ ਵਾਧਾ ਬਜਟ ਸੈਸ਼ਨ ਮਗਰੋਂ ਹੀ ਕਰੇਗੀ ਅਤੇ ਜੁਲਾਈ ਦੇ ਪਹਿਲੇ ਹਫਤੇ ਨਵੇਂ ਵਜ਼ੀਰਾਂ ਨੂੰ ਸਹੁੰ ਚੁਕਾਉਣ ਦੀ ਸੰਭਾਵਨਾ ਹੈ। ਪਹਿਲਾਂ ਕੈਬਨਿਟ ਵਿਚ ਵਾਧਾ ਬਜਟ ਸੈਸ਼ਨ ਤੋਂ ਪਹਿਲਾਂ ਕਰਨ ਦੀ ਤਿਆਰੀ ਖਿੱਚੀ ਗਈ ਸੀ। ਸੰਗਰੂਰ ਲੋਕ ਸਭਾ ਜ਼ਿਮਨੀ ਚੋਣ ਕਰਕੇ ਪੰਜਾਬ ਸਰਕਾਰ ਨੇ ਬਜਟ ਸੈਸ਼ਨ ਤੋਂ ਪਹਿਲਾਂ ਵਜ਼ਾਰਤੀ ਵਾਧਾ ਕਰਨ ਦੀ ਵਿਉਂਤ ਨੂੰ ਟਾਲ ਦਿੱਤਾ।

ਵਜ਼ਾਰਤ ਵਿਚ ਵਾਧਾ ਬਜਟ ਸੈਸ਼ਨ ਤੋਂ ਪਹਿਲਾਂ ਇਸ ਕਰਕੇ ਨਹੀਂ ਕੀਤਾ ਜਾ ਰਿਹਾ ਹੈ ਤਾਂ ਜੋ ਇਸ ਦੇ ਪ੍ਰਭਾਵ ਕਿਸੇ ਤਰ੍ਹਾਂ ਜ਼ਿਮਨੀ ਚੋਣ ਉਤੇ ਨਾ ਪੈ ਜਾਣ। ਪ੍ਰਾਪਤ ਜਾਣਕਾਰੀ ਮੁਤਾਬਕ ਪੰਜਾਬ ਵਜ਼ਾਰਤ ਵਿਚ ਇਸ ਵੇਲੇ ਨੌਂ ਵਜ਼ੀਰ ਹਨ ਜਦੋਂ ਕਿ ਦਸਵੇਂ ਵਜ਼ੀਰ ਵਿਜੈ ਸਿੰਗਲਾ ਦੀ ਮੁੱਖ ਮੰਤਰੀ ਭਗਵੰਤ ਮਾਨ ਵਜ਼ਾਰਤ 'ਚੋਂ ਛੁੱਟੀ ਕਰ ਚੁੱਕੇ ਹਨ। ਕਾਇਦੇ ਮੁਤਾਬਕ ਮੁੱਖ ਮੰਤਰੀ ਤੋਂ ਇਲਾਵਾ ਪੰਜਾਬ ਵਜ਼ਾਰਤ ਵਿਚ ਵੱਧ ਤੋਂ ਵੱਧ 17 ਮੰਤਰੀ ਬਣਾਏ ਜਾ ਸਕਦੇ ਹਨ। ਸੂਤਰਾਂ ਅਨੁਸਾਰ 'ਆਪ' ਸਰਕਾਰ ਵੱਲੋਂ ਦੂਸਰੇ ਪੜਾਅ ਵਿਚ ਤਿੰਨ ਜਾਂ ਚਾਰ ਮੰਤਰੀ ਹੀ ਬਣਾਏ ਜਾਣੇ ਹਨ, ਹਾਲਾਂਕਿ ਪੰਜਾਬ ਦੇ ਬਹੁਤੇ ਜ਼ਿਲ੍ਹਿਆਂ ਨੂੰ ਪੰਜਾਬ ਕੈਬਨਿਟ ਵਿੱਚ ਹਾਲੇ ਥਾਂ ਨਹੀਂ ਮਿਲੀ। 'ਆਪ' ਸਰਕਾਰ ਦਾ ਤਰਕ ਹੈ ਕਿ ਉਹ ਚੰਗੀ ਕਾਰਗੁਜ਼ਾਰੀ ਦਿਖਾਉਣ ਵਾਲੇ ਵਿਧਾਇਕਾਂ ਨੂੰ ਵਜ਼ਾਰਤ ਵਿਚ ਮੌਕਾ ਦੇਣਗੇ।



# ਪਹਿਲੀ ਵਾਰ ਐਮ.ਐਸ.ਪੀ. 'ਤੇ ਮੂੰਗੀ ਦੀ ਖਰੀਦ ਸ਼ੁਰੂ

**ਚੰਡੀਗੜ੍ਹ:** ਪੰਜਾਬ ਸਰਕਾਰ ਨੇ ਵੱਡੀ ਪਹਿਲਕਦਮੀ ਕਰਦਿਆਂ ਪਹਿਲੀ ਵਾਰ ਸੂਬੇ ਵਿਚ ਮੂੰਗੀ ਦੀ ਫਸਲ 7275 ਰੁਪਏ ਪ੍ਰਤੀ ਕੁਇੰਟਲ ਦੇ ਘੱਟੋ-ਘੱਟ ਸਮਰਥਨ ਮੁੱਲ ਉਤੇ ਕਿਸਾਨਾਂ ਪਾਸੋਂ ਸਿੱਧੇ ਤੌਰ ਉਤੇ ਖਰੀਦਣੀ ਸ਼ੁਰੂ ਕਰ ਦਿੱਤੀ ਹੈ।

ਲੁਧਿਆਣਾ ਜ਼ਿਲ੍ਹੇ ਦੀ ਜਗਰਾਉਂ ਮੰਡੀ ਵਿਚ ਹੁਣ ਤੱਕ ਕੁੱਲ ਫਸਲ ਦੀ 58 ਫੀਸਦੀ ਆਮਦ ਹੋਈ ਹੈ, ਜਿਸ ਨਾਲ ਇਹ ਮੰਡੀ ਪੰਜਾਬ ਭਰ ਵਿਚੋਂ ਮੋਹਰੀ ਬਣ ਗਈ ਹੈ। ਮੂੰਗੀ 7275 ਰੁਪਏ ਪ੍ਰਤੀ ਕੁਇੰਟਲ ਦੇ ਸਮਰਥਨ ਮੁੱਲ ਉਤੇ ਖਰੀਦੀ ਜਾ ਰਹੀ ਹੈ। ਮੁੱਖ ਮੰਤਰੀ ਭਗਵੰਤ ਮਾਨ ਦੀ ਅਪੀਲ ਉਤੇ ਕਿਸਾਨਾਂ ਨੇ ਇਸ ਸਾਲ ਇਕ ਲੱਖ ਏਕੜ ਰਕਬੇ ਹੇਠ ਮੂੰਗੀ ਦੀ ਬਿਜਾਈ ਕੀਤੀ ਜਦਕਿ ਪਿਛਲੇ ਸਾਲ 50,000 ਏਕੜ ਰਕਬਾ ਮੂੰਗੀ ਦੀ ਕਾਸ਼ਤ ਹੇਠ ਸੀ। ਇਸ ਸਾਲ ਸੂਬਾ ਭਰ ਵਿਚ 4.75 ਲੱਖ ਕੁਇੰਟਲ ਝਾੜ ਹੋਣ ਦਾ ਅਨੁਮਾਨ ਹੈ। ਸੂਬਾ ਸਰਕਾਰ ਨੇ ਮੰਡੀਕਰਨ ਸੀਜ਼ਨ-2022-23 ਲਈ ਮੂੰਗੀ ਦੀ ਫਸਲ ਖਰੀਦਣ, ਭੰਡਾਰਨ ਅਤੇ ਹੋਰ ਪ੍ਰਬੰਧਾਂ ਵਾਸਤੇ ਮਾਰਕਫੈੱਡ ਅਤੇ ਸਹਿਕਾਰੀ ਸਭਾਵਾਂ ਨੂੰ ਨੋਡਲ ਏਜੰਸੀਆਂ ਬਣਾਇਆ ਹੈ। ਇਸੇ ਤਰ੍ਹਾਂ ਪੰਜਾਬ ਮੰਡੀ ਬੋਰਡ ਨੇ ਮੂੰਗੀ ਦੀ ਫਸਲ 31 ਜੁਲਾਈ ਤੱਕ ਖਰੀਦਣ ਲਈ ਸੂਬਾ ਭਰ ਵਿਚ 40 ਮੰਡੀਆਂ ਨੋਟੀਫਾਈ ਕੀਤੀਆਂ ਹਨ। ਮੂੰਗੀ ਖਰੀਦਣ ਅਤੇ ਕਿਸਾਨਾਂ ਦੀ ਸਹੂਲਤ ਵਾਸਤੇ ਮਾਰਕਫੈੱਡ ਅਤੇ ਸਹਿਕਾਰੀ ਸਭਾਵਾਂ ਦਾ ਸਟਾਫ ਨੋਟੀਫਾਈ ਮੰਡੀਆਂ ਦਾ ਸਟਾਫ ਤਾਇਨਾਤ ਕੀਤਾ ਗਿਆ ਹੈ। ਪੰਜਾਬ ਮੰਡੀ ਬੋਰਡ ਅਨੁਸਾਰ ਸੂਬਾ ਭਰ ਦੀਆਂ ਵੱਖ-ਵੱਖ ਮੰਡੀਆਂ ਵਿਚ 1503 ਕੁਇੰਟਲ ਮੂੰਗੀ ਦੀ ਫਸਲ ਦੀ ਆਮਦ ਹੋਈ ਹੈ, ਜਿਸ ਵਿਚੋਂ ਹੁਣ ਤੱਕ 878 ਕੁਇੰਟਲ ਦੀ ਖਰੀਦ ਕੀਤੀ ਜਾ ਚੁੱਕੀ ਹੈ। ਸੂਬੇ ਦੀ ਏਜੰਸੀ ਮਾਰਕਫੈੱਡ ਨੇ ਘੱਟੋ-ਘੱਟ ਸਮਰਥਨ ਮੁੱਲ ਉਤੇ 663 ਕੁਇੰਟਲ, ਜਦਕਿ ਬਾਕੀ 215 ਕੁਇੰਟਲ ਨਿੱਜੀ ਏਜੰਸੀਆਂ ਨੇ ਘੱਟੋ-ਘੱਟ ਸਮਰਥਨ ਮੁੱਲ ਤੋਂ ਉਪਰ ਭਾਅ ਉਤੇ ਖਰੀਦੀ। ਸੂਬੇ ਦੀਆਂ ਮੰਡੀਆਂ ਵਿਚ ਹੁਣ ਤੱਕ ਹੋਈ ਕੁੱਲ ਆਮਦ ਵਿਚੋਂ ਇਕੱਲੀ ਜਗਰਾਉਂ ਮੰਡੀ ਵਿਚ 790 ਕੁਇੰਟਲ ਫਸਲ (58 ਫੀਸਦੀ) ਪਹੁੰਚੀ ਹੈ ਜਦਕਿ ਇਸ ਤੋਂ ਬਾਅਦ ਬਰਨਾਲਾ ਦੀਆਂ ਮੰਡੀਆਂ ਸ਼ਾਮਲ ਹਨ, ਜਿਥੇ 510 ਕੁਇੰਟਲ ਫਸਲ ਪਹੁੰਚੀ ਹੈ।



# ਸ਼੍ਰੋਮਣੀ ਕਮੇਟੀ ਨੂੰ ਪੰਜਾਬ ਐਂਡ ਸਿੰਧ ਬੈਂਕ ਦਾ ਐਮ.ਡੀ. ਗੈਰ-ਸਿੱਖ ਲਾਉਣ 'ਤੇ ਇਤਰਾਜ਼

**ਅੰਮ੍ਰਿਤਸਰ:** ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਨੇ ਪੰਜਾਬ ਐਂਡ ਸਿੰਧ ਬੈਂਕ ਦੇ ਐਮ.ਡੀ. ਅਤੇ ਸੀ.ਈ.ਓ. ਦੇ ਅਹੁਦੇ 'ਤੇ ਇਕ ਗੈਰ-ਸਿੱਖ ਨੂੰ ਨਿਯੁਕਤ ਕਰਨ 'ਤੇ ਇਤਰਾਜ਼ ਪ੍ਰਗਟ ਕੀਤਾ ਹੈ। ਹਾਲ ਹੀ ਵਿਚ ਭਾਰਤ ਸਰਕਾਰ ਵੱਲੋਂ ਸਵਰੂਪ ਕੁਮਾਰ ਸਾਹਾ ਨੂੰ ਇਸ ਅਹੁਦੇ 'ਤੇ ਤਾਇਨਾਤ ਕੀਤਾ ਗਿਆ ਹੈ।

ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਨੇ ਇਤਰਾਜ਼ ਕਰਦਿਆਂ ਕਿਹਾ ਕਿ 1908 ਵਿਚ ਪੰਜਾਬ ਐਂਡ ਸਿੰਧ ਬੈਂਕ ਦੀ ਸਥਾਪਨਾ ਸਿੱਖਾਂ ਦੇ ਇਕ ਸੁਤੰਤਰ ਬੈਂਕ ਵਜੋਂ ਹੋਈ ਸੀ।

ਇਸ ਬੈਂਕ ਨੂੰ ਸਿੱਖ ਬੈਂਕ ਵਜੋਂ ਜਾਣਿਆ ਜਾਂਦਾ ਹੈ ਅਤੇ ਇਸ ਦੇ ਸਿਖਰਲੇ ਅਹੁਦੇ 'ਤੇ ਸਿੱਖ ਨੂੰ ਹੀ ਤਾਇਨਾਤ ਕੀਤਾ ਜਾਣਾ ਚਾਹੀਦਾ ਹੈ। ਉਨ੍ਹਾਂ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੂੰ ਅਪੀਲ ਕੀਤੀ ਕਿ ਇਸ ਨਿਯੁਕਤੀ ਦੀ ਨਜ਼ਰਸਾਨੀ ਕੀਤੀ ਜਾਵੇ। ਚੀਫ ਖਾਲਸਾ ਦੀਵਾਨ ਦੇ ਪ੍ਰਧਾਨ ਡਾ. ਇੰਦਰਬੀਰ ਸਿੰਘ ਨਿੱਜਰ ਨੇ ਵੀ ਇਸ ਨਿਯੁਕਤੀ ਦੀ ਨਿਖੇਧੀ ਕੀਤੀ ਹੈ।

# ਭਾਜਪਾ ਆਗੂਆਂ ਦੇ 'ਫਿਰਕੂ ਬੋਲਾਂ' ਖਿਲਾਫ ਪੂਰੇ ਮੁਲਕ ਵਿਚ ਰੋਹ ਫੈਲਿਆ

**ਨਵੀਂ ਦਿੱਲੀ:** ਭਾਰਤੀ ਜਨਤਾ ਪਾਰਟੀ ਦੇ ਦੋ ਮੁਅੱਤਲ ਆਗੂਆਂ ਵੱਲੋਂ ਕੁਝ ਦਿਨ ਪਹਿਲਾਂ ਪੈਗੰਬਰ ਮੁਹੰਮਦ ਬਾਰੇ ਕੀਤੀਆਂ ਗਈਆਂ ਇਤਰਾਜ਼ਯੋਗ ਟਿੱਪਣੀਆਂ ਖਿਲਾਫ ਪੂਰੇ ਮੁਲਕ ਵਿਚ ਰੋਹ ਫੈਲ ਗਿਆ ਹੈ। ਭਾਜਪਾ ਵੱਲੋਂ ਇਨ੍ਹਾਂ ਆਗੂਆਂ ਨੂੰ ਮੁਅੱਤਲ ਕਰਕੇ ਹੀ ਮਾਮਲਾ ਠੰਢਾ ਕਰਨ ਦੀ ਕੋਸ਼ਿਸ਼ ਕੀਤੀ ਜਾ ਰਹੀ ਹੈ, ਜਦ ਕਿ ਦੂਜੇ ਪਾਸੇ ਇਨ੍ਹਾਂ ਦੀ ਗ੍ਰਿਫਤਾਰੀ ਦੀ ਮੰਗ ਲਗਾਤਾਰ ਜ਼ੋਰ ਫੜ ਰਹੀ ਹੈ।

ਇਸ ਦੇ ਰੋਸ ਵਜੋਂ ਦਿੱਲੀ ਦੀ ਜਾਮਾ ਮਸਜਿਦ ਸਮੇਤ ਕਈ ਰਾਜਾਂ ਵਿਚ ਰੋਸ ਮੁਜ਼ਾਹਰੇ ਹੋਏ। ਝਾਰਖੰਡ 'ਚ ਹੋਈ ਝੜਪ 'ਚ ਕੁਝ ਪੁਲਿਸ ਮੁਲਾਜ਼ਮ ਜ਼ਖਮੀ ਹੋ ਗਏ ਜਦਕਿ ਜੰਮੂ ਤੇ ਕਸ਼ਮੀਰ ਦੇ ਕੁਝ ਇਲਾਕਿਆਂ 'ਚ ਕਰਫਿਊ ਲਾ ਦਿੱਤਾ ਗਿਆ ਹੈ ਅਤੇ ਕਸ਼ਮੀਰ ਦੇ ਕੁਝ ਹਿੱਸਿਆਂ 'ਚ ਬੰਦ ਵਰਗੀ ਸਥਿਤੀ ਰਹੀ। ਜੁੰਮੇ ਦੀ ਨਮਾਜ਼ ਤੋਂ ਬਾਅਦ ਵੱਡੀ ਗਿਣਤੀ 'ਚ ਮੁਜਾਹਰਾਕਾਰੀ ਇਤਿਹਾਸਕ ਜਾਮਾ ਮਸਜਿਦ ਦੇ ਬਾਹਰ ਇਕੱਠੇ ਹੋਏ ਤੇ ਉਨ੍ਹਾਂ ਭਾਜਪਾ ਦੀ ਸਾਬਕਾ ਤਰਜਮਾਨ ਨੂਪੁਰ ਸ਼ਰਮਾ ਨੂੰ ਗ੍ਰਿਫਤਾਰ ਕਰਨ ਦੀ ਮੰਗ ਕੀਤੀ।

ਇਸ ਮੌਕੇ ਕੁਝ ਲੋਕਾਂ ਨੇ ਹੱਥਾਂ 'ਚ ਨਾਅਰੇ ਲਿਖੀਆਂ ਤਖਤੀਆਂ ਵੀ ਫੜੀਆਂ ਹੋਈਆਂ ਸਨ। ਉੱਧਰ ਝਾਰਖੰਡ ਦੀ ਰਾਜਧਾਨੀ ਰਾਂਚੀ 'ਚ ਮੁਜਾਹਰਾਕਾਰੀਆਂ ਨੇ ਮੁੱਖ ਸੜਕ 'ਤੇ ਜ਼ੋਰਦਾਰ ਹੰਗਾਮਾ ਕੀਤਾ ਅਤੇ ਹਨੂੰਮਾਨ ਮੰਦਰ ਤੱਕ ਭਾਰੀ ਪਥਰਾਅ ਤੇ ਹਿੰਸਾ ਕੀਤੀ। ਘਟਨਾ ਤੋਂ ਬਾਅਦ ਰਾਂਚੀ ਵਿਚ ਤੁਰੰਤ ਪ੍ਰਭਾਵ ਨਾਲ ਕਰਫਿਊ ਲਗਾ ਦਿੱਤਾ ਗਿਆ ਹੈ। ਪੁਲਿਸ ਨੇ ਦੱਸਿਆ ਕਿ ਹਨੂੰਮਾਨ ਮੰਦਰ 'ਤੇ ਹੋਏ ਪਥਰਾਅ ਤੇ ਹਿੰਸਕ ਸੰਘਰਸ਼ 'ਚ ਸੀਨੀਅਰ ਪੁਲਿਸ ਅਧਿਕਾਰੀ ਸਮੇਤ ਦਰਜਨ ਦੇ ਕਰੀਬ ਪੁਲਿਸ ਮੁਲਾਜ਼ਮ ਤੇ ਹੋਰ ਵਿਅਕਤੀ ਜ਼ਖਮੀ ਹੋਏ ਹਨ। ਹਿੰਸਕ ਭੀੜ ਨੂੰ ਕਾਬੂ ਕਰਨ ਲਈ ਪੁਲਿਸ ਨੂੰ ਅੱਥਰੂ ਗੈਸ ਦੇ ਗੋਲੇ ਦਾਗਣੇ ਪਏ ਤੇ ਹਵਾਈ ਫਾਇਰ ਕਰਨੇ ਪਏ। ਉਧਰ, ਉੱਤਰ ਪ੍ਰਦੇਸ਼ ਦੇ ਵੱਖ-ਵੱਖ ਸ਼ਹਿਰਾਂ 'ਚ ਜਿੱਥੇ ਰੋਸ ਮੁਜ਼ਾਹਰੇ ਕੀਤੇ ਗਏ, ਉਥੇ ਹੀ ਪ੍ਰਯਾਗਰਾਜ ਤੇ ਸਹਾਰਨਪੁਰ 'ਚ ਮੁਜਾਹਰਾਕਾਰੀਆਂ ਨੇ ਪੁਲਿਸ 'ਤੇ ਪਥਰਾਅ ਕੀਤਾ। ਇਸ ਦੌਰਾਨ 109 ਵਿਅਕਤੀਆਂ ਨੂੰ ਗ੍ਰਿਫਤਾਰ ਕੀਤਾ ਗਿਆ ਹੈ। ਪ੍ਰਯਾਗਰਾਜ 'ਚ ਮੁਜਾਹਰਾਕਾਰੀਆਂ ਨੇ ਕੁਝ ਮੋਟਰਸਾਈਕਲ ਤੇ ਰੇਹੜੀਆਂ ਨੂੰ ਅੱਗ ਲਗਾ ਦਿੱਤੀ ਤੇ ਪੁਲਿਸ ਦੇ ਇਕ ਵਾਹਨ ਨੂੰ ਸਾੜਨ ਦੀ ਕੋਸ਼ਿਸ਼ ਕੀਤੀ। ਪੁਲਿਸ ਨੇ ਦੱਸਿਆ ਕਿ ਮੁਜਾਹਰਾਕਾਰੀਆਂ ਨੂੰ ਖਿੰਡਾਉਣ ਲਈ ਅੱਥਰੂ ਗੈਸ ਦੇ ਗੋਲਿਆਂ ਤੇ ਲਾਠੀਚਾਰਜ ਦੀ ਵਰਤੋਂ ਕਰਨੀ ਪਈ। ਬਿਜਨੌਰ, ਮੁਰਾਦਾਬਾਦ, ਰਾਮਪੁਰ ਤੇ ਲਖਨਊ 'ਚ ਵੀ ਰੋਸ ਮੁਜ਼ਾਹਰੇ ਕੀਤੇ ਗਏ ਹਨ।

ਮਹਾਰਾਸ਼ਟਰ ਦੇ ਵੱਖ-ਵੱਖ ਸ਼ਹਿਰਾਂ 'ਚ ਵੀ ਮੁਸਲਿਮ ਭਾਈਚਾਰੇ ਦੇ ਲੋਕਾਂ ਨੇ ਰੋਸ ਮੁਜ਼ਾਹਰੇ ਕੀਤੇ ਹਨ। ਅਧਿਕਾਰੀਆਂ ਨੇ ਦੱਸਿਆ ਕਿ ਨਵੀਂ ਮੁੰਬਈ ਦੇ ਪਨਵੇਲ 'ਚ ਮਹਿਲਾਵਾਂ ਸਮੇਤ ਘੱਟੋ ਘੱਟ ਤਿੰਨ ਹਜ਼ਾਰ ਮੁਜਾਹਰਾਕਾਰੀਆਂ ਨੇ ਰੋਸ ਮਾਰਚ ਕੀਤਾ। ਇਸੇ ਤਰ੍ਹਾਂ ਵਾਸੀ ਦੇ ਸ਼ਿਵਾਜੀ ਚੌਕ, ਠਾਣੇ, ਔਰੰਗਾਬਾਦ, ਸੋਲਾਪੁਰ, ਨੰਬੂਰਦਾਰ, ਪਰਭਨੀ, ਬੀੜ, ਲਾਤੂਰ, ਚੰਦਰਪੁਰ ਤੇ ਪੁਣੇ 'ਚ ਰੋਸ ਮੁਜ਼ਾਹਰੇ ਕੀਤੇ ਗਏ ਹਨ। ਗੁਜਰਾਤ ਦੇ ਅਹਿਮਦਾਬਾਦ ਤੇ ਵਡੋਦਰਾ 'ਚ ਵੀ ਜੁੰਮੇ ਦੀ ਨਮਾਜ਼ ਤੋਂ ਬਾਅਦ ਰੋਸ ਮੁਜ਼ਾਹਰੇ ਕੀਤੇ ਗਏ। ਉਧਰ ਪੱਛਮੀ ਬੰਗਾਲ 'ਚ ਸੈਂਕੜੇ ਪ੍ਰਦਰਸ਼ਨਕਾਰੀਆਂ ਨੇ ਹਾਵੜਾ ਜਿਲ੍ਹੇ 'ਚ ਸੜਕਾਂ ਜਾਮ ਕੀਤੀਆਂ। ਪੁਲਿਸ ਨੇ ਦੱਸਿਆ ਕਿ ਮੁਜਾਹਰਾਕਾਰੀਆਂ ਦੀ ਧੂਲਾਗੜ੍ਹ, ਪੰਚਲਾ ਤੇ ਉਲੂਬੇਰੀਆ 'ਚ ਪੁਲਿਸ ਨਾਲ ਉਸ ਸਮੇਂ ਝੜਪ ਹੋ ਗਈ ਜਦੋਂ ਉਨ੍ਹਾਂ ਕੌਮੀ ਮਾਰਗ 'ਤੇ ਲੱਗਾ ਜਾਮ ਖੁਲ੍ਹਵਾਉਣ ਦੀ ਕੋਸ਼ਿਸ਼ ਕੀਤੀ। ਅਧਿਕਾਰੀਆਂ ਨੇ ਦੱਸਿਆ ਕਿ ਧੂਲਾਗੜ੍ਹ ਤੇ ਪੰਚਲਾ 'ਚ ਭੀੜ ਨੂੰ ਖਿੰਡਾਉਣ ਲਈ ਪੁਲਿਸ ਨੇ ਲਾਠੀਚਾਰਜ ਕੀਤਾ ਤੇ ਇਸ ਦੇ ਜਵਾਬ 'ਚ ਪ੍ਰਦਰਸ਼ਨਕਾਰੀਆਂ ਨੇ ਪਥਰਾਅ ਕੀਤਾ ਜਿਸ ਨਾਲ ਨੇੜੇ ਖੜ੍ਹੀਆਂ ਕਾਰਾਂ ਨੂੰ ਨੁਕਸਾਨ ਪੁੱਜਾ। ਬਿਹਾਰ ਦੇ ਮੁਜ਼ੱਫਰਨਗਰ 'ਚ ਨੂਪੁਰ ਸ਼ਰਮਾ, ਨਵੀਨ ਜਿੰਦਲ ਤੇ ਧਾਰਮਿਕ ਆਗੂ ਯਤੀ ਨਰਸਿੰਘਾਨੰਦ ਖਿਲਾਫ ਕੇਸ ਦਰਜ ਕਰਵਾਇਆ ਹੈ। ਅਸਾਮ ਕਾਂਗਰਸ ਨੇ ਨੂਪੁਰ ਸ਼ਰਮਾ ਤੇ ਨਵੀਨ ਜਿੰਦਲ ਖਿਲਾਫ ਸ਼ਿਕਾਇਤ ਦਰਜ ਕਰਵਾਈ ਹੈ।




## ਨਫਰਤ ਤੇ ਹਿੰਸਾ ਸਾਡੇ ਜਿਊਣ ਦਾ ਤਰੀਕਾ ਨਹੀਂ: ਰਾਹੁਲ

**ਨਵੀਂ ਦਿੱਲੀ:** ਭਾਰਤ ਨੇ ਹਮੇਸ਼ਾ ਹੀ ਦੁਨੀਆਂ ਨੂੰ ਸਚਾਈ, ਅਹਿੰਸਾ ਤੇ ਭਾਈਚਾਰਕ ਸਾਂਝ ਦਾ ਸੁਨੇਹਾ ਦਿੱਤਾ ਹੈ ਅਤੇ ਨਫਰਤ ਤੇ ਹਿੰਸਾ ਸਾਡੇ ਜਿਊਣ ਦਾ ਤਰੀਕਾ ਨਹੀਂ। ਕਾਂਗਰਸ ਆਗੂ ਰਾਹੁਲ ਗਾਂਧੀ ਨੇ ਇਹ ਗੱਲ ਕਈ ਥਾਵਾਂ 'ਤੇ ਹਿੰਸਕ ਘਟਨਾਵਾਂ ਦੀਆਂ ਖਬਰਾਂ ਆਉਣ ਤੋਂ ਬਾਅਦ ਕਹੀ। ਉਨ੍ਹਾਂ ਕਿਹਾ ਕਿ ਮਹਾਤਮਾ ਗਾਂਧੀ ਦੇ ਸਿਧਾਂਤ ਆਜ਼ਾਦ ਭਾਰਤ ਦੀ ਨੀਂਹ ਹਨ ਅਤੇ ਸਾਰੇ ਦੇਸ਼ ਵਾਸੀਆਂ ਦਾ ਫਰਜ਼ ਹੈ ਕਿ ਭਾਰਤ ਨੂੰ ਇਕਜੁੱਟ ਰੱਖਿਆ ਜਾਵੇ ਅਤੇ ਭਾਈਚਾਰਕ ਸਾਂਝ ਕਾਇਮ ਰੱਖੀ ਜਾਵੇ।

## ਟਿੱਪਣੀਆਂ ਕਰਨ ਵਾਲਿਆਂ ਨੂੰ 'ਮਹੱਤਵਹੀਣ' ਦੱਸਣਾ ਗੈਰਵਾਜਬ: ਹਾਮਿਦ ਅਨਸਾਰੀ

**ਨਵੀਂ ਦਿੱਲੀ:** ਸਾਬਕਾ ਉਪ ਰਾਸ਼ਟਰਪਤੀ ਹਾਮਿਦ ਅਨਸਾਰੀ ਨੇ ਕਿਹਾ ਹੈ ਕਿ ਇਹ ਦਾਅਵਾ ਕਰਨਾ ਠੀਕ ਨਹੀਂ ਹੈ ਕਿ ਪੈਗੰਬਰ ਮੁਹੰਮਦ ਬਾਰੇ ਵਿਵਾਦਿਤ ਟਿੱਪਣੀਆਂ ਕਰਨ ਵਾਲੇ ਆਗੂਆਂ ਦੀ ਕੋਈ ਅਹਿਮੀਅਤ ਨਹੀਂ ਹੈ। ਉਨ੍ਹਾਂ ਕਿਹਾ ਧਰਮ ਸੰਸਦਾਂ ਵਿਚ ਘੱਟ ਗਿਣਤੀਆਂ ਵਿਰੁੱਧ ਨਫਰਤੀ ਤਕਰੀਰਾਂ ਦੌਰਾਨ ਸਰਕਾਰ ਮੂਕ ਦਰਸ਼ਕ ਬਣੀ ਰਹੀ। ਉਨ੍ਹਾਂ ਕਿਹਾ ਕਿ ਹਿੰਸਾ ਦੇ ਮੁੱਦੇ 'ਤੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੀ 'ਖਾਮੋਸ਼ੀ' ਦੇ 'ਗੰਭੀਰ ਅਰਥ' ਹਨ ਤੇ ਇਹ ਕੋਈ ਇਤਫ਼ਾਕ ਨਹੀਂ ਹੈ।

## ਜਾਵੇਦ ਪੰਪ ਦੇ ਘਰ 'ਤੇ ਚੱਲਿਆ ਬੁਲਡੋਜ਼ਰ

**ਪ੍ਰਯਾਗਰਾਜ:** ਉੱਤਰ ਪ੍ਰਦੇਸ਼ ਵਿਚ ਹਿੰਸਾ ਕਰਨ ਉਤੇ ਪ੍ਰਸ਼ਾਸਨ ਨੇ ਪੁਲਿਸ ਦੀ ਮਦਦ ਨਾਲ ਮੁਹੰਮਦ ਜਾਵੇਦ ਉਰਫ ਜਾਵੇਦ ਪੰਪ ਦੇ ਦੋ ਮੰਜ਼ਿਲਾ ਘਰ ਨੂੰ ਬੁਲਡੋਜ਼ਰ ਨਾਲ ਢਾਹ ਦਿੱਤਾ। ਜਾਵੇਦ ਪੰਪ ਦਾ ਨਾਮ ਪੈਗੰਬਰ ਮੁਹੰਮਦ ਬਾਰੇ ਭਾਜਪਾ ਨੇਤਾ ਵੱਲੋਂ ਕੀਤੀਆਂ ਕਥਿਤ ਟਿੱਪਣੀਆਂ ਕਾਰਨ 10 ਜੂਨ ਨੂੰ ਸ਼ਹਿਰ ਵਿਚ ਭੜਕੀ ਹਿੰਸਾ ਦੇ ਮੁੱਖ ਸਾਜ਼ਿਸ਼ਘਾੜੇ ਵਜੋਂ ਬੋਲਦਾ ਹੈ। ਸ਼ਹਿਰ ਦੇ ਅਤਲਾ ਇਲਾਕੇ ਵਿਚ ਜਾਵੇਦ ਦੇ ਘਰ ਦੇ ਗੇਟ ਉਤੇ ਪੀ.ਡੀ.ਏ. ਦਾ ਨੋਟਿਸ ਚਿਪਕਾਇਆ ਗਿਆ ਸੀ, ਜਿਸ ਵਿਚ ਇਲਾਕਾ ਨਿਵਾਸੀਆਂ ਨੂੰ ਸੂਚਿਤ ਕੀਤਾ ਗਿਆ ਸੀ ਕਿ ਉਹ 12 ਜੂਨ ਨੂੰ ਸਵੇਰੇ 11 ਵਜੇ ਤੱਕ ਜਾਇਦਾਦ ਖਾਲੀ ਕਰ ਲੈਣ ਤਾਂ ਜੋ ਕਾਰਵਾਈ ਕੀਤੀ ਜਾ ਸਕੇ।

# ਕੈਨੇਡਾ: ਹੁਣ ਮਾਪੇ ਪੰਜ ਸਾਲ ਲਈ ਰਹਿ ਸਕਣਗੇ

**ਵੈਨਕੂਵਰ:** ਕੈਨੇਡਾ ਦੇ ਆਵਾਸ ਵਿਭਾਗ ਨੇ ਸੁਪਰ ਵੀਜ਼ਾ ਸ਼ਰਤਾਂ ਵਿਚ ਵੱਡੇ ਬਦਲਾਅ ਕਰਦਿਆਂ ਇਸ ਦੀ ਮਿਆਦ ਦੋ ਸਾਲ ਤੋਂ ਵਧਾ ਕੇ ਪੰਜ ਸਾਲ ਕਰ ਦਿੱਤੀ ਹੈ। ਸਰਕਾਰ ਨੇ ਸੁਪਰ ਵੀਜ਼ਾ ਇੱਛੁਕਾਂ ਨੂੰ ਕੈਨੇਡੀਅਨ ਬੀਮਾ ਕੰਪਨੀਆਂ ਤੋਂ ਹੀ ਮੈਡੀਕਲ ਬੀਮਾ ਕਰਾਉਣ ਦੀ ਸ਼ਰਤ ਖਤਮ ਕਰਕੇ ਪ੍ਰਵਾਨਿਤ ਵਿਦੇਸ਼ੀ ਬੀਮਾ ਕੰਪਨੀਆਂ ਦੀ ਪਾਲਿਸੀ ਨੂੰ ਮਾਨਤਾ ਦੇ ਦਿੱਤੀ ਹੈ।

ਨਵੇਂ ਹੁਕਮ 4 ਜੁਲਾਈ ਤੋਂ ਲਾਗੂ ਹੋਣਗੇ। ਇਨ੍ਹਾਂ ਤਬਦੀਲੀਆਂ ਦਾ ਲਾਭ ਭਾਰਤੀਆਂ ਨੂੰ ਹੋਵੇਗਾ। ਆਵਾਸ ਮੰਤਰੀ ਸੀਨ ਫਰੇਜ਼ਰ ਨੇ ਇਸ ਬਦਲਾਅ ਬਾਰੇ ਜਾਣਕਾਰੀ ਦਿੰਦਿਆਂ ਦੱਸਿਆ ਕਿ ਇਸ ਨਾਲ ਕੈਨੇਡਾ ਵਸਦੇ ਲੋਕਾਂ ਦੇ ਮਾਪਿਆਂ, ਦਾਦਾ-ਦਾਦੀ ਜਾਂ ਨਾਨਾ-ਨਾਨੀ ਨੂੰ ਸਾਲਾਂ ਬੱਧੀ



ਇਕੱਠਿਆਂ ਰਹਿਣ ਵਿਚ ਦਿੱਕਤ ਨਹੀਂ ਆਏਗੀ। ਉਨ੍ਹਾਂ ਦੱਸਿਆ ਕਿ 10 ਕੁ ਸਾਲ ਪਹਿਲਾਂ ਸ਼ੁਰੂ ਹੋਏ ਸੁਪਰ ਵੀਜ਼ੇ ਨੂੰ ਚੰਗਾ ਹੁੰਗਾਰਾ ਮਿਲ ਰਿਹਾ ਹੈ ਅਤੇ ਪਿਛਲੇ ਸਾਲ 17 ਹਜ਼ਾਰ ਤੋਂ ਵਧ ਸੁਪਰ ਵੀਜ਼ੇ ਜਾਰੀ ਕੀਤੇ ਗਏ ਸਨ। ਮੰਤਰੀ ਨੇ ਦੱਸਿਆ ਕਿ ਸੁਪਰ ਵੀਜ਼ਾ, ਬਹੁ-ਦਾਖਲਾ ਆਮ ਯਾਤਰੀ ਵੀਜ਼ੇ ਤੋਂ ਕਿਤੇ ਬਿਹਤਰ ਹੈ ਕਿਉਂਕਿ ਯਾਤਰੀ ਵੀਜ਼ੇ ਵਾਲੇ ਨੂੰ ਛੇ ਮਹੀਨੇ ਤੋ ਪਹਿਲਾਂ ਵਾਪਸ ਜਾਣਾ ਪੈਂਦਾ ਹੈ।

ਉਨ੍ਹਾਂ ਦੱਸਿਆ ਕਿ ਜਿਹੜੇ ਲੋਕ ਹੁਣ ਦੋ ਸਾਲ ਦੇ ਸੁਪਰ ਵੀਜ਼ੇ ਉਤੇ ਕੈਨੇਡਾ ਵਿਚ ਹਨ, ਉਹ ਇਥੋਂ ਹੀ ਦੋ ਸਾਲ ਵਾਧੇ ਦੀ ਬੇਨਤੀ ਕਰਕੇ ਚਾਰ ਸਾਲ ਕੈਨੇਡਾ 'ਚ ਟਿਕੇ ਰਹਿ ਸਕਣਗੇ ਪਰ ਉਨ੍ਹਾਂ ਦੇ ਸਪੌਂਸਰਾਂ ਨੂੰ ਘੱਟੋ ਘੱਟ ਆਮਦਨ ਦੀ ਸ਼ਰਤ ਪੂਰੀ ਕਰਨੀ ਪਵੇਗੀ। ਆਵਾਸ ਮੰਤਰੀ ਨੇ ਦੱਸਿਆ ਕਿ ਸਰਕਾਰ ਨੇ ਪਰਿਵਾਰਕ ਵਿਛੋੜੇ ਦੂਰ ਕਰਨ ਦਾ ਆਪਣਾ ਵਾਅਦਾ ਪੂਰਾ ਕਰ ਦਿੱਤਾ ਹੈ।

# ਯੂਕਰੇਨ ਤੋਂ ਭਾਰਤ ਪਰਤੇ ਪਾੜ੍ਹਿਆਂ ਨੂੰ ਰੂਸੀ ਯੂਨੀਵਰਸਿਟੀਆਂ 'ਚ ਮਿਲਣਗੇ ਦਾਖਲੇ

**ਤਿਰੂਅਨੰਤਪੁਰਮ:** ਰੂਸ-ਯੂਕਰੇਨ ਜੰਗ ਦੌਰਾਨ ਪੜ੍ਹਾਈ ਵਿਚਾਲੇ ਛੱਡ ਕੇ ਯੂਕਰੇਨ ਤੋਂ ਭਾਰਤ ਪਰਤੇ ਵਿਦਿਆਰਥੀਆਂ ਨੂੰ ਰੂਸ ਦੀਆਂ ਯੂਨੀਵਰਸਿਟੀਆਂ ਵੱਲੋਂ ਦਾਖਲਿਆਂ ਦੀ ਪੇਸ਼ਕਸ਼ ਕੀਤੀ ਜਾਵੇਗੀ ਅਤੇ ਇਨ੍ਹਾਂ ਵਿਦਿਆਰਥੀਆਂ ਨੂੰ ਪਿਛਲੇ ਸੈਸ਼ਨ ਦੌਰਾਨ ਕੀਤੀ ਗਈ ਪੜ੍ਹਾਈ ਦੇ ਨੁਕਸਾਨ ਦਾ ਸਾਹਮਣਾ ਨਹੀਂ ਕਰਨਾ ਪਵੇਗਾ।

ਇਹ ਗੱਲ ਨਵੀਂ ਦਿੱਲੀ ਸਥਿਤ ਰੂਸੀ ਦੂਤਾਵਾਸ ਵਿਚ ਮਿਸ਼ਨ ਦੇ ਉਪ ਪ੍ਰਮੁੱਖ ਰੋਮਨ ਬਾਬੂਸ਼ਿਕਨ ਨੇ ਕਹੀ। ਉਨ੍ਹਾਂ ਕਿਹਾ ਕਿ ਵਿਦਿਆਰਥੀਆਂ ਨੂੰ ਰੂਸ ਦੀਆਂ ਯੂਨੀਵਰਸਿਟੀਆਂ ਵਿਚ ਦਾਖਲਾ ਦਿੱਤਾ ਜਾਵੇਗਾ ਜਿਥੇ ਉਹ ਸਬੰਧਤ ਪਾਠਕ੍ਰਮ ਜਾਰੀ ਰੱਖ ਸਕਣਗੇ ਅਤੇ ਪਾੜ੍ਹਿਆਂ ਨੂੰ ਪਿਛਲੇ ਸਾਲਾਂ ਵਿਚ ਕੀਤੇ ਗਏ ਅਧਿਐਨ ਦੇ ਨੁਕਸਾਨ ਦਾ ਸਾਹਮਣਾ ਨਹੀਂ ਕਰਨਾ ਪਏਗਾ। ਇਸੇ ਦੌਰਾਨ ਤਿਰੂਅਨੰਤਪੁਰਮ ਵਿਚ ਰੂਸੀ ਸਦਨ ਦੇ ਡਾਇਰੈਕਟਰ ਰਤੀਸ਼ ਸੀ. ਨਾਇਰ ਨੇ ਕਿਹਾ ਕਿ ਜਿਨ੍ਹਾਂ ਵਿਦਿਆਰਥੀਆਂ ਕੋਲ ਸਕਾਲਰਸ਼ਿਪ ਹਨ, ਸੰਭਵ ਹੈ ਕਿ ਰੂਸ ਦੀਆਂ ਯੂਨੀਵਰਸਿਟੀਆਂ ਵੱਲੋਂ ਇਨ੍ਹਾਂ ਨੂੰ ਸਵੀਕਾਰ ਕੀਤਾ ਜਾਵੇਗਾ।

# ਰਾਜ ਸਭਾ ਚੋਣ ਵਿਚ ਭਾਜਪਾ ਨੇ 'ਕਰਾਮਾਤ' ਕੀਤੀ

**ਨਵੀਂ ਦਿੱਲੀ:** ਰਾਜ ਸਭਾ ਲਈ ਮੈਂਬਰਾਂ ਦੀਆਂ ਚੋਣਾਂ ਵਿਚ ਭਾਰਤੀ ਜਨਤਾ ਪਾਰਟੀ ਨੇ ਇਕ ਵਾਰ ਫਿਰ ਇਹ ਸਾਬਤ ਕੀਤਾ ਹੈ ਕਿ ਚੋਣਾਂ ਦੀ ਸਿਆਸਤ ਵਿਚ ਉਸ ਦਾ ਕੋਈ ਮੁਕਾਬਲਾ ਨਹੀਂ। ਭਾਜਪਾ ਨੇ ਹਰਿਆਣਾ, ਮਹਾਰਾਸ਼ਟਰ ਅਤੇ ਕਰਨਾਟਕ ਵਿਚ ਵਿਰੋਧੀ ਪਾਰਟੀਆਂ ਨੂੰ ਮਾਤ ਦਿੱਤੀ ਹੈ। ਹਰਿਆਣਾ ਵਿਚ ਦੋ ਸੀਟਾਂ ਲਈ ਚੋਣਾਂ ਹੋਈਆਂ ਅਤੇ ਵਿਧਾਨ ਸਭਾ ਵਿਚ ਪਾਰਟੀ ਦੀਆਂ ਸੀਟਾਂ ਦੀ ਸਥਿਤੀ ਤੋਂ ਇਹ ਲੱਗਦਾ ਸੀ ਕਿ ਇਕ ਸੀਟ ਭਾਜਪਾ ਅਤੇ ਦੂਸਰੀ ਕਾਂਗਰਸ ਜਿੱਤੇਗੀ। ਭਾਜਪਾ ਨੇ ਇਕ ਆਜ਼ਾਦ ਉਮੀਦਵਾਰ ਕਾਰਤੀਕੇਯ ਸ਼ਰਮਾ ਨੂੰ ਮੈਦਾਨ ਵਿਚ ਉਤਾਰਿਆ। ਸ਼ਰਮਾ ਸਾਬਕਾ ਕਾਂਗਰਸੀ ਆਗੂ ਅਤੇ ਸਾਬਕਾ ਕੇਂਦਰੀ ਮੰਤਰੀ ਵਿਨੋਦ ਸ਼ਰਮਾ ਦਾ ਪੁੱਤਰ ਹੈ। ਕਾਂਗਰਸੀ ਵਿਧਾਇਕ ਕੁਲਦੀਪ ਬਿਸ਼ਨੋਈ (ਸਾਬਕਾ ਮੁੱਖ ਮੰਤਰੀ ਭਜਨ ਲਾਲ ਦਾ ਪੁੱਤਰ) ਨੇ ਪਾਰਟੀ ਉਮੀਦਵਾਰ ਅਜੈ ਮਾਕਨ ਦੇ ਵਿਰੁੱਧ ਸ਼ਰਮਾ ਨੂੰ ਵੋਟ ਪਾਈ; ਇਕ ਕਾਂਗਰਸੀ ਵਿਧਾਇਕ ਦੀ ਵੋਟ ਨੂੰ ਤਕਨੀਕੀ ਆਧਾਰ 'ਤੇ ਰੱਦ ਕਰ ਦਿੱਤਾ ਗਿਆ ਅਤੇ ਅਜੈ ਮਾਕਨ ਚੋਣ ਹਾਰ ਗਿਆ। ਕਾਂਗਰਸ ਨੇ ਬਿਸ਼ਨੋਈ ਨੂੰ ਪਾਰਟੀ 'ਚੋਂ ਕੱਢ ਦਿੱਤਾ ਹੈ। ਮਹਾਰਾਸ਼ਟਰ ਵਿਚ ਛੇ ਸੀਟਾਂ ਲਈ ਹੋਈਆਂ ਚੋਣਾਂ ਵਿਚ ਭਾਜਪਾ ਨੇ ਤਿੰਨ ਸੀਟਾਂ ਜਿੱਤੀਆਂ ਹਨ। ਇਸ ਬਾਰੇ ਵਿਅੰਗਾਤਮਕ ਟਿੱਪਣੀ ਕਰਦਿਆਂ ਨੈਸ਼ਨਲਿਸਟ ਕਾਂਗਰਸ ਪਾਰਟੀ (ਐਨ.ਸੀ.ਪੀ.) ਦੇ ਮੁਖੀ ਸ਼ਰਦ ਪਵਾਰ ਨੇ ਭਾਜਪਾ ਆਗੂ ਤੇ ਸਾਬਕਾ ਮੁੱਖ ਮੰਤਰੀ ਦੇਵੇਂਦਰ ਫੜਨਵੀਸ ਨੂੰ ਉਸ



ਦੀ 'ਕਾਰਜਕੁਸ਼ਲਤਾ' ਲਈ ਵਧਾਈ ਦਿੱਤੀ ਹੈ।

ਮਹਾਰਾਸ਼ਟਰ ਵਿਧਾਨ ਸਭਾ ਵਿਚ ਸ਼ਿਵ ਸੈਨਾ, ਕਾਂਗਰਸ ਅਤੇ ਐਨ.ਸੀ.ਪੀ. ਦੇ ਗੱਠਜੋੜ ਮਹਾ ਵਿਕਾਸ ਅਗਾੜੀ ਦਾ ਬਹੁਮਤ ਹੈ। ਗੱਠਜੋੜ ਨੇ ਤਿੰਨ ਸੀਟਾਂ ਜਿੱਤੀਆਂ। ਅਸਲੀ ਮੁਕਾਬਲਾ ਛੇਵੀਂ ਸੀਟ ਲਈ ਸ਼ਿਵ ਸੈਨਾ ਦੇ ਸੰਜੇ ਪਵਾਰ ਅਤੇ ਭਾਜਪਾ ਦੇ ਧਨੰਜਯ ਮਹਾਡਿਕ ਵਿਚਕਾਰ ਸੀ ਜਿਸ ਵਿਚ ਮਹਾਡਿਕ ਨੇ ਪਵਾਰ ਨੂੰ ਮਾਤ ਦਿੱਤੀ।

ਕਰਨਾਟਕ 'ਚ ਭਾਜਪਾ ਨੇ ਤਿੰਨ ਅਤੇ ਕਾਂਗਰਸ ਨੇ ਇਕ ਸੀਟ ਜਿੱਤੀ। ਜਨਤਾ ਦਲ (ਸੈਕੂਲਰ) ਨੂੰ ਕੋਈ ਸੀਟ ਨਹੀਂ ਮਿਲੀ; ਇਸ ਪਾਰਟੀ ਦੇ ਇਕ ਵਿਧਾਇਕ ਨੇ ਕਾਂਗਰਸ ਦੇ ਉਮੀਦਵਾਰ ਜੈਰਾਮ ਰਮੇਸ਼ ਦੇ ਹੱਕ ਵਿਚ ਵੋਟ ਪਾਈ ਅਤੇ ਅੰਦਾਜ਼ਾ ਲਗਾਇਆ ਜਾ ਰਿਹਾ ਹੈ ਕਿ ਵਿਰੋਧੀ ਪਾਰਟੀਆਂ ਦੇ ਕਈ ਵਿਧਾਇਕਾਂ ਨੇ ਭਾਜਪਾ ਦੇ ਹੱਕ ਵਿਚ ਵੋਟਾਂ ਪਾਈਆਂ। ਭਾਜਪਾ ਨੂੰ ਸਿਰਫ ਰਾਜਸਥਾਨ ਵਿਚ ਸਫਲਤਾ ਨਹੀਂ ਮਿਲੀ ਜਿੱਥੇ ਪਾਰਟੀ ਨੇ ਆਜ਼ਾਦ ਉਮੀਦਵਾਰ ਸੁਭਾਸ਼ ਚੰਦਰਾ ਦੀ ਹਮਾਇਤ ਕੀਤੀ ਸੀ। ਇਸ ਸੂਬੇ ਦੀਆਂ ਤਿੰਨੇ ਸੀਟਾਂ ਕਾਂਗਰਸ ਨੇ ਜਿੱਤੀਆਂ ਹਨ।

# ਅਫਗਾਨਿਸਤਾਨ-ਭਾਰਤ ਵਿਚਾਲੇ ਹਵਾਈ ਸੇਵਾ ਬਹਾਲ ਹੋਵੇਗੀ

**ਨਵੀਂ ਦਿੱਲੀ:** ਅਫ਼ਗਾਨਿਸਤਾਨ ਵਿਚ ਸੱਤਾਧਾਰੀ ਤਾਲਿਬਾਨ ਨੇ ਐਲਾਨ ਕੀਤਾ ਹੈ ਕਿ ਭਾਰਤ ਤੇ ਅਫ਼ਗਾਨਿਸਤਾਨ ਵਿਚਾਲੇ ਅਗਲੇ ਹਫਤੇ ਤੋਂ ਉਡਾਣਾਂ ਬਹਾਲ ਕੀਤੀਆਂ ਜਾ ਸਕਦੀਆਂ ਹਨ। ਅਰੀਆਨਾ ਅਫਗਾਨ ਏਅਰਲਾਈਨਜ਼ ਦੇ ਆਗੂ ਰਹਿਮਤਉਲ੍ਹਾ ਨੇ ਦੱਸਿਆ ਕਿ ਅਫ਼ਗਾਨਿਸਤਾਨ ਤੋਂ ਭਾਰਤ, ਚੀਨ ਤੇ ਕੁਵੈਤ ਵੱਲ ਜਲਦੀ ਹੀ ਹਵਾਈ ਉਡਾਣਾਂ ਸ਼ੁਰੂ ਕੀਤੀਆਂ ਜਾਣਗੀਆਂ ਤੇ ਇਸ ਮੰਤਵ ਲਈ ਭਾਰਤ ਨੂੰ ਤਰਜੀਹ ਦਿੱਤੀ ਜਾ ਰਹੀ ਹੈ ਕਿਉਂਕਿ ਉਥੋਂ ਬਹੁਤ ਸਾਰਾ ਸਾਮਾਨ ਤੇ ਮੁਸਾਫ਼ਰ ਅਫ਼ਗਾਨਿਸਤਾਨ ਲਿਆਏ ਜਾਣੇ ਹਨ। ਇਸੇ ਦੌਰਾਨ ਭਾਰਤ ਨਾਲ ਵਪਾਰਕ ਸਬੰਧ ਵੀ ਬਹਾਲ ਕੀਤੇ ਜਾਣਗੇ ਜਿਸ ਦਾ ਅਫਗਾਨ ਕਾਰੋਬਾਰੀਆਂ ਨੇ ਸਮਰਥਨ ਕੀਤਾ ਹੈ।

# ਨਾਗਾਲੈਂਡ ਪੁਲਿਸ ਵੱਲੋਂ ਮੇਜਰ ਸਣੇ 30 ਜਵਾਨਾਂ ਖਿਲਾਫ ਚਾਰਜਸ਼ੀਟ

**ਦੀਮਾਪੁਰ:** ਨਾਗਾਲੈਂਡ ਪੁਲਿਸ ਨੇ ਪਿਛਲੇ ਸਾਲ 4 ਦਸੰਬਰ ਨੂੰ 13 ਆਮ ਨਾਗਰਿਕਾਂ ਦੀ ਹੱਤਿਆ ਲਈ 21 ਪੈਰਾ ਵਿਸ਼ੇਸ਼ ਬਲ ਦੇ ਇਕ ਮੇਜਰ ਸਮੇਤ 30 ਅਧਿਕਾਰੀਆਂ ਖਿਲਾਫ ਚਾਰਜਸ਼ੀਟ ਦਾਖਲ ਕੀਤੀ ਹੈ। ਇਨ੍ਹਾਂ 'ਚ ਦੋ ਸੂਬੇਦਾਰ, ਅੱਠ ਹਵਲਦਾਰ, ਚਾਰ ਨਾਇਕ, ਛੇ ਲਾਂਸ ਨਾਇਕ ਅਤੇ ਨੌਂ ਪੈਰਾਟਰੂਪਰ ਸ਼ਾਮਲ ਹਨ।

ਚਾਰਜਸ਼ੀਟ 'ਚ ਜਵਾਨਾਂ 'ਤੇ ਹੱਤਿਆ ਅਤੇ ਗੈਰ ਇਰਾਦਤਨ ਹੱਤਿਆ ਦੇ ਦੋਸ਼ ਲਾਏ ਗਏ ਹਨ। ਇਹ ਘਟਨਾ ਮੋਨ ਜਿਲ੍ਹੇ ਦੇ ਓਟਿੰਗ-ਤਿਰੂ ਇਲਾਕੇ 'ਚ ਵਾਪਰੀ ਸੀ। ਜਾਂਚ ਦੌਰਾਨ ਪਾਇਆ ਗਿਆ ਕਿ ਸਪੈਸ਼ਲ ਫੋਰਸ ਅਪਰੇਸ਼ਨ ਟੀਮ ਨੇ ਨੇਮਾਂ ਦੀ ਪਾਲਣਾ ਨਹੀਂ ਕੀਤੀ ਅਤੇ ਲੋਕਾਂ ਉਪਰ ਅੰਨ੍ਹੇਵਾਹ ਗੋਲੀਆਂ ਚਲਾ ਦਿੱਤੀਆਂ ਜਿਸ ਕਾਰਨ ਛੇ ਵਿਅਕਤੀਆਂ ਦੀ ਮੌਕੇ 'ਤੇ ਹੀ ਮੌਤ ਹੋ ਗਈ ਸੀ ਅਤੇ ਦੋ ਹੋਰ ਗੰਭੀਰ ਰੂਪ 'ਚ ਜ਼ਖਮੀ ਹੋ ਗਏ ਸਨ। ਇਸ ਮਗਰੋਂ ਹੋਈ ਹਿੰਸਾ 'ਚ ਇਕ ਪੈਰਾਟਰੂਪਰ ਦੀ ਮੌਤ ਹੋ ਗਈ ਸੀ ਅਤੇ 14 ਹੋਰ ਜਵਾਨ ਜ਼ਖਮੀ ਹੋ ਗਏ ਸਨ। ਮੇਜਰ ਨੇ ਰਾਤ 10 ਵਜੇ ਦੇ ਕਰੀਬ ਲੋਕਾਂ 'ਤੇ ਗੋਲੀਬਾਰੀ ਦੇ ਹੁਕਮ ਦਿੱਤੇ ਅਤੇ ਦੂਜੀ ਘਟਨਾ 'ਚ ਸਪੈਸ਼ਲ ਫੋਰਸ ਨੇ ਸੱਤ ਪਿੰਡ ਵਾਸੀ ਮਾਰ ਮੁਕਾਏ ਸਨ।

# ਚੀਨੀ ਰੱਖਿਆ ਮੰਤਰੀ ਵੱਲੋਂ ਭਾਰਤ ਨਾਲ ਚੰਗੇ ਸਬੰਧਾਂ ਦੀ ਵਕਾਲਤ

**ਸਿੰਗਾਪੁਰ:** ਚੀਨ ਦੇ ਰੱਖਿਆ ਮੰਤਰੀ ਜਨਰਲ ਵੇਈ ਫੈਨਗੇ ਨੇ ਕਿਹਾ ਕਿ ਚੀਨ ਤੇ ਭਾਰਤ ਗੁਆਂਢੀ ਹਨ ਅਤੇ ਆਪਸ ਵਿਚ ਚੰਗੇ ਸਬੰਧ ਬਣਾ ਕੇ ਰੱਖਣਾ ਦੋਹਾਂ ਦੇਸ਼ਾਂ ਦੇ ਹਿੱਤਾਂ ਨੂੰ ਪੂਰਾ ਕਰਦਾ ਹੈ ਤੇ ਦੋਵੇਂ ਦੇਸ਼ ਅਸਲ ਕੰਟਰੋਲ ਰੇਖਾ 'ਤੇ ਸ਼ਾਂਤੀ ਲਈ ਮਿਲ ਕੇ ਕੰਮ ਕਰ ਰਹੇ ਹਨ।

ਇਥੇ ਸ਼ੰਗਰੀ-ਲਾ-ਡਾਇਲਾਗ ਨੂੰ ਸੰਬੋਧਨ ਕਰਦਿਆਂ ਫੈਨਗੇ ਨੇ ਦੱਖਣੀ ਚੀਨ ਸਾਗਰ ਸਣੇ ਖੇਤਰੀ ਵਿਵਾਦਾਂ ਨੂੰ ਸੁਲਝਾਉਣ ਲਈ ਸ਼ਾਂਤੀਪੂਰਨ ਤਰੀਕੇ ਅਪਨਾਉਣ ਦੀ ਅਪੀਲ ਕੀਤੀ। ਉਨ੍ਹਾਂ ਕਿਹਾ, ''ਚੀਨ ਅਤੇ ਭਾਰਤ ਗੁਆਂਢੀ ਹਨ ਅਤੇ ਚੰਗੇ ਸਬੰਧ ਬਣਾ ਕੇ ਰੱਖਣਾ ਦੋਹਾਂ ਦੇਸ਼ਾਂ ਦੇ ਹਿੱਤਾਂ ਨੂੰ ਪੂਰਾ ਕਰਦਾ ਹੈ ਅਤੇ ਇਹੀ ਵਜ੍ਹਾ ਹੈ ਕਿ ਅਸੀਂ ਇਸੇ 'ਤੇ ਕੰਮ ਕਰ ਰਹੇ ਹਾਂ।'' ਭਾਰਤ ਨਾਲ ਅਸਲ ਕੰਟਰੋਲ ਰੇਖਾ 'ਤੇ ਸੰਘਰਸ਼ ਬਾਰੇ ਸਵਾਲ ਦੇ ਜਵਾਬ ਵਿਚ ਉਨ੍ਹਾਂ ਕਿਹਾ, ''ਅਸੀਂ ਭਾਰਤੀਆਂ ਨਾਲ ਕਮਾਂਡਰ ਪੱਧਰ 'ਤੇ 15 ਗੇੜ ਦੀ ਗੱਲਬਾਤ ਕੀਤੀ ਹੈ ਅਤੇ ਅਸੀਂ ਇਸ ਖੇਤਰ ਵਿਚ ਸ਼ਾਂਤੀ ਸਥਾਪਤ ਕਰਨ ਲਈ ਮਿਲ ਕੇ ਕੰਮ ਕਰ ਰਹੇ ਹਾਂ।''

# ਸੰਗਰੂਰ ਜ਼ਿਮਨੀ ਚੋਣ: ਸਿਆਸੀ ਧਿਰਾਂ ਨੇ ਜਿੱਤ ਲਈ ਟਿੱਲ ਲਾਇਆ

**ਸੰਗਰੂਰ:** ਸੰਗਰੂਰ ਲੋਕ ਸਭਾ ਹਲਕੇ ਦੀ ਜ਼ਿਮਨੀ ਚੋਣ ਲਈ ਸਿਆਸੀ ਮੈਦਾਨ ਭਖ ਗਿਆ ਹੈ। ਸਾਰੀਆਂ ਧਿਰਾਂ ਨੇ ਜਿੱਤ ਲਈ ਟਿੱਲ ਲਾ ਦਿੱਤਾ ਹੈ। ਪਿਛਲੇ ਦਿਨੀਂ ਪੰਜਾਬੀ ਗਾਇਕ ਸਿੱਧੂ ਮੂਸੇਵਾਲਾ ਦੀ ਹੱਤਿਆ ਤੋਂ ਬਾਅਦ ਆਮ ਆਦਮੀ ਪਾਰਟੀ ਸਰਕਾਰ ਖਿਲਾਫ ਬਣੇ ਮਾਹੌਲ ਨੂੰ ਆਪਣੇ ਹੱਕ ਵਿਚ ਕਰਨ ਲਈ ਹਰ ਧਿਰ ਕਾਹਲੀ ਹੈ।

ਜ਼ਿਮਨੀ ਚੋਣ ਵਿਚ ਕੁੱਲ 16 ਉਮੀਦਵਾਰ ਕਿਸਮਤ ਅਜ਼ਮਾ ਰਹੇ ਹਨ। ਹਾਲਾਂਕਿ ਮੁੱਖ ਮੁਕਾਬਲਾ ਪੰਜ ਮੁੱਖ ਸਿਆਸੀ ਧਿਰਾਂ 'ਆਪ', ਸ਼੍ਰੋਮਣੀ ਅਕਾਲੀ ਦਲ ਅੰਮ੍ਰਿਤਸਰ, ਸ਼੍ਰੋਮਣੀ ਅਕਾਲੀ ਦਲ, ਭਾਜਪਾ ਅਤੇ ਕਾਂਗਰਸ ਦੇ ਉਮੀਦਵਾਰਾਂ ਵਿਚਾਲੇ ਹੋਣ ਦੇ ਆਸਾਰ ਹਨ। ਮੁੱਖ ਸਿਆਸੀ ਧਿਰਾਂ ਦੀ ਸੂਬਾਈ ਲੀਡਰਸ਼ਿਪ ਆਪੋ-ਆਪਣੇ ਉਮੀਦਵਾਰਾਂ ਦੀ ਜਿੱਤ ਲਈ ਪ੍ਰਚਾਰ 'ਚ ਜੁਟੀ ਹੋਈ ਹੈ। ਲੋਕ ਸਭਾ ਹਲਕੇ ਅਧੀਨ ਸੰਗਰੂਰ, ਬਰਨਾਲਾ ਤੇ ਮਲੇਰਕੋਟਲਾ ਜ਼ਿਲ੍ਹਿਆਂ ਦੇ 9 ਅਸੈਂਬਲੀ ਹਲਕੇ ਪੈਂਦੇ ਹਨ ਜਿਨ੍ਹਾਂ 'ਚ ਲਗਭਗ 15,66,390 ਵੋਟਰ ਹਨ।

ਮੁੱਖ ਸਿਆਸੀ ਧਿਰਾਂ ਦੇ ਪੰਜ ਉਮੀਦਵਾਰਾਂ ਵਿਚੋਂ ਸਿਰਫ 'ਆਪ' ਉਮੀਦਵਾਰ ਗੁਰਮੇਲ ਸਿੰਘ ਘਰਾਚੋਂ ਹੀ ਆਪਣੀ ਪਲੇਠੀ ਚੋਣ ਲੜ ਰਹੇ ਹਨ। ਉਹ ਪਿੰਡ ਘਰਾਚੋਂ ਦੇ ਸਰਪੰਚ ਹਨ ਜੋ ਕਿ ਸੰਨ 2014 ਤੋਂ 'ਆਪ' ਨਾਲ ਜੁੜੇ ਹੋਏ ਹਨ ਅਤੇ ਮੁੱਖ ਮੰਤਰੀ ਭਗਵੰਤ ਮਾਨ ਦੇ ਅਤਿ ਕਰੀਬੀ ਮੰਨੇ ਜਾਂਦੇ ਹਨ। ਬਾਕੀ ਚਾਰ ਉਮੀਦਵਾਰ ਪਹਿਲਾਂ ਵੀ ਚੋਣ (ਲੋਕ ਸਭਾ ਜਾਂ ਵਿਧਾਨ ਸਭਾ) ਲੜ ਚੁੱਕੇ ਹਨ। ਸ਼੍ਰੋਮਣੀ ਅਕਾਲੀ ਦਲ ਅੰਮ੍ਰਿਤਸਰ ਦੇ ਉਮੀਦਵਾਰ ਸਿਮਰਨਜੀਤ ਸਿੰਘ ਮਾਨ ਸੱਤਵੀਂ ਵਾਰ ਸੰਗਰੂਰ ਲੋਕ ਸਭਾ ਹਲਕੇ ਦੇ ਚੋਣ ਮੈਦਾਨ ਵਿਚ ਆਪਣੀ ਕਿਸਮਤ ਅਜ਼ਮਾ ਰਹੇ ਹਨ।



ਉਨ੍ਹਾਂ ਨੇ 1989 ਦੀ ਲੋਕ ਸਭਾ ਚੋਣ ਜਿੱਤੀ ਸੀ ਜਦਕਿ 1996, 1998, 2004, 2009 ਅਤੇ 2019 ਦੀਆਂ ਲੋਕ ਸਭਾ ਚੋਣਾਂ 'ਚ ਉਹ ਸਫਲ ਨਹੀਂ ਹੋ ਸਕੇ। ਸ੍ਰੀ ਮਾਨ ਨੇ ਇਸੇ ਵਰ੍ਹੇ ਹਲਕਾ ਅਮਰਗੜ੍ਹ ਤੋਂ ਵਿਧਾਨ ਸਭਾ ਚੋਣ ਵੀ ਲੜੀ ਸੀ। ਇਸ ਤੋਂ ਪਹਿਲਾਂ ਸ੍ਰੀ ਮਾਨ ਨੇ 1989 'ਚ ਲੋਕ ਸਭਾ ਹਲਕਾ ਤਰਨ ਤਾਰਨ ਦੀ ਚੋਣ ਵੀ ਜਿੱਤੀ ਸੀ।

ਸ਼੍ਰੋਮਣੀ ਅਕਾਲੀ ਦਲ ਵਲੋਂ ਬੰਦੀ ਸਿੰਘਾਂ ਦੇ ਪਰਿਵਾਰਕ ਮੈਂਬਰ ਵਜੋਂ ਬੀਬੀ ਕਮਲਦੀਪ ਕੌਰ ਰਾਜੋਆਣਾ ਨੂੰ ਚੋਣ ਮੈਦਾਨ 'ਚ ਉਤਾਰਿਆ ਹੈ ਜੋ ਕਿ ਫਾਂਸੀ ਦੀ ਸਜ਼ਾਯਾਫ਼ਤਾ ਭਾਈ ਬਲਵੰਤ ਸਿੰਘ ਰਾਜੋਆਣਾ ਦੀ ਭੈਣ ਹਨ। ਕਮਲਦੀਪ ਕੌਰ ਦੂਜੀ ਵਾਰ ਲੋਕ ਸਭਾ ਚੋਣ ਲੜ ਰਹੇ ਹਨ। ਇਸ ਤੋਂ ਪਹਿਲਾਂ ਸੰਨ 2014 'ਚ ਉਨ੍ਹਾਂ ਲੋਕ ਸਭਾ ਹਲਕਾ ਪਟਿਆਲਾ ਤੋਂ ਆਜ਼ਾਦ ਉਮੀਦਵਾਰ ਵਜੋਂ ਚੋਣ ਲੜੀ ਸੀ ਤੇ ਉਨ੍ਹਾਂ ਨੂੰ ਸਿਰਫ਼ 15,313 ਵੋਟਾਂ ਹੀ ਮਿਲੀਆਂ ਸਨ।

ਭਾਜਪਾ ਵਲੋਂ ਉਮੀਦਵਾਰ ਕੇਵਲ ਸਿੰਘ ਢਿੱਲੋਂ ਵੀ ਦੂਜੀ ਵਾਰ ਲੋਕ ਸਭਾ ਚੋਣ ਲੜ ਰਹੇ ਹਨ। ਸ੍ਰੀ ਢਿੱਲੋਂ ਨੇ 2019 ਦੀ ਲੋਕ ਸਭਾ ਚੋਣ ਕਾਂਗਰਸ ਉਮੀਦਵਾਰ ਵਜੋਂ ਲੜੀ ਸੀ ਪਰ 'ਆਪ' ਦੇ ਭਗਵੰਤ ਮਾਨ ਤੋਂ ਹਾਰ ਗਏ ਸਨ। ਇਸ ਤੋਂ ਪਹਿਲਾਂ ਉਹ ਕਾਂਗਰਸੀ ਉਮੀਦਵਾਰ ਵਜੋਂ ਸੰਨ 2007 ਅਤੇ 2012 ਵਿਚ ਵਿਧਾਨ ਸਭਾ ਹਲਕਾ ਬਰਨਾਲਾ ਤੋਂ ਜੇਤੂ ਰਹੇ ਪਰ 2017 ਵਿਚ ਚੋਣ ਹਾਰ ਗਏ ਸਨ ਜਦਕਿ ਇਸ ਸਾਲ ਅਸੈਂਬਲੀ ਚੋਣਾਂ 'ਚ ਕਾਂਗਰਸ ਵੱਲੋਂ ਢਿੱਲੋਂ ਨੂੰ ਟਿਕਟ ਨਹੀਂ ਦਿੱਤੀ ਗਈ। ਹੁਣ ਭਾਜਪਾ 'ਚ ਸ਼ਾਮਲ ਹੁੰਦਿਆਂ ਹੀ ਉਨ੍ਹਾਂ ਨੂੰ ਚੋਣ ਮੈਦਾਨ 'ਚ ਉਤਾਰ ਦਿੱਤਾ ਗਿਆ ਹੈ। ਕਾਂਗਰਸ ਨੇ ਦਲਵੀਰ ਸਿੰਘ ਗੋਲਡੀ ਨੂੰ ਚੋਣ ਪਿੜ 'ਚ ਉਤਾਰਿਆ ਹੈ ਜਿਹੜੇ ਕਿ 2017 'ਚ ਧੂਰੀ ਵਿਧਾਨ ਸਭਾ ਹਲਕੇ ਤੋਂ ਜੇਤੂ ਰਹੇ ਸਨ ਪਰ ਇਸੇ ਵਰ੍ਹੇ ਅਸੈਂਬਲੀ ਚੋਣ ਵਿਚ 'ਆਪ' ਉਮੀਦਵਾਰ ਭਗਵੰਤ ਮਾਨ ਤੋਂ ਹਾਰ ਗਏ ਸਨ। ਉਹ ਲੋਕ ਸਭਾ ਲਈ ਪਹਿਲੀ ਵਾਰ ਕਿਸਮਤ ਅਜ਼ਮਾ ਰਹੇ ਹਨ।

## ਦਿੱਲੀ ਨੇ ਸਿੱਖਾਂ ਨਾਲ ਹਮੇਸ਼ਾ ਬੇਇਨਸਾਫੀ ਕੀਤੀ: ਮਾਨ

**ਸੰਦੌੜ:** ਲੋਕ ਸਭਾ ਹਲਕਾ ਸੰਗਰੂਰ ਤੋਂ ਜਿਮਨੀ ਚੋਣ ਲੜ ਰਹੇ ਅਕਾਲੀ ਦਲ (ਅੰਮ੍ਰਿਤਸਰ) ਦੇ ਪ੍ਰਧਾਨ ਸਿਮਰਨਜੀਤ ਸਿੰਘ ਮਾਨ ਨੇ ਸੰਦੌੜ ਸਰਕਲ ਦੇ ਕਈ ਪਿੰਡਾਂ ਵਿਚ ਚੋਣ ਪ੍ਰਚਾਰ ਕਰਦਿਆਂ ਲੋਕਾਂ ਨੂੰ ਸਮਰਥਨ ਦੇਣ ਦੀ ਅਪੀਲ ਕੀਤੀ। ਸੰਦੌੜ ਵਿਚ ਮੀਟਿੰਗ ਨੂੰ ਸੰਬੋਧਨ ਕਰਦਿਆਂ ਸ੍ਰੀ ਮਾਨ ਨੇ ਕਿਹਾ ਕਿ ਦਿੱਲੀ ਦੇ ਹੁਕਮਰਾਨਾਂ ਨੇ ਹਮੇਸ਼ਾਂ ਸਿੱਖ ਕੌਮ ਨਾਲ ਬੇਇਨਸਾਫ਼ੀ ਕੀਤੀ ਹੈ। ਉਨ੍ਹਾਂ ਕਿਹਾ ਕਿ ਪਾਕਿਸਤਾਨ ਨਾਲ ਸੜਕੀ ਵਪਾਰ ਹੋਣਾ ਚਾਹੀਦਾ ਹੈ ਤਾਂ ਜੋ ਪੰਜਾਬ ਦੇ ਕਿਸਾਨਾਂ ਨੂੰ ਜਿਣਸਾਂ ਦਾ ਵੱਧ ਮੁੱਲ ਮਿਲ ਸਕੇ।

## ਸੁਖਬੀਰ ਵੱਲੋਂ ਬੀਬੀ ਰਾਜੋਆਣਾ ਦੇ ਹੱਕ ਵਿਚ ਰੈਲੀਆਂ

**ਭਵਾਨੀਗੜ੍ਹ:** ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ ਨੇ ਲੋਕ ਸਭਾ ਹਲਕਾ ਸੰਗਰੂਰ ਤੋਂ ਸ਼੍ਰੋਮਣੀ ਅਕਾਲੀ ਦਲ ਬਾਦਲ-ਬਸਪਾ ਅਤੇ ਪੰਥਕ ਜਥੇਬੰਦੀਆਂ ਦੀ ਸਾਂਝੀ ਉਮੀਦਵਾਰ ਬੀਬੀ ਕਮਲਦੀਪ ਕੌਰ ਰਾਜੋਆਣਾ ਦੇ ਹੱਕ ਵਿਚ ਭਵਾਨੀਗੜ੍ਹ ਅਤੇ ਧੂਰੀ ਵਿਚ ਪ੍ਰਚਾਰ ਕੀਤਾ ਅਤੇ ਸਿੱਖ ਬੰਦੀਆਂ ਦੀ ਰਿਹਾਈ ਲਈ ਬੀਬੀ ਰਾਜੋਆਣਾ ਨੂੰ ਜਿਤਾਉਣ ਦੀ ਅਪੀਲ ਕੀਤੀ। ਸ੍ਰੀ ਬਾਦਲ ਨੇ ਕਿਹਾ ਕਿ ਇਹ ਚੋਣ ਸਿਰਫ ਕਮਲਦੀਪ ਕੌਰ ਦੀ ਜਿੱਤ ਜਾਂ ਹਾਰ ਦੀ ਨਹੀਂ, ਸਗੋਂ ਇਸ ਜਿੱਤ ਨੇ ਸਜਾਵਾਂ ਪੂਰੀਆਂ ਹੋਣ ਦੇ ਬਾਵਜੂਦ 32-32 ਸਾਲਾਂ ਤੋਂ ਕਾਲ ਕੋਠੜੀਆਂ ਵਿਚ ਕੈਦ ਸਿੱਖ ਬੰਦੀਆਂ ਦੀ ਰਿਹਾਈ ਦੇ ਰਸਤੇ ਖੋਲ੍ਹਣੇ ਹਨ।

## ਪੰਥਕ ਹੋਣ ਦਾ ਡਰਾਮਾ ਕਰ ਰਹੇ ਨੇ ਸੁਖਬੀਰ: ਪਰਮਿੰਦਰ

**ਚੰਡੀਗੜ੍ਹ:** ਸ਼੍ਰੋਮਣੀ ਅਕਾਲੀ ਦਲ (ਸੰਯੁਕਤ) ਦੇ ਸੀਨੀਅਰ ਆਗੂ ਤੇ ਸਾਬਕਾ ਵਿੱਤ ਮੰਤਰੀ ਪਰਮਿੰਦਰ ਸਿੰਘ ਢੀਂਡਸਾ ਨੇ ਕਿਹਾ ਕਿ ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ ਵੱਲੋਂ ਬੰਦੀ ਸਿੰਘਾਂ ਦਾ ਸਹਾਰਾ ਲੈ ਕੇ ਪੰਥਕ ਹੋਣ ਦਾ ਸਿਆਸੀ ਡਰਾਮਾ ਕੀਤਾ ਜਾ ਰਿਹਾ ਹੈ, ਜੋ ਉਨ੍ਹਾਂ ਦੇ ਕਿਸੇ ਕੰਮ ਨਹੀਂ ਆਉਣ ਵਾਲਾ। ਉਨ੍ਹਾਂ ਕਿਹਾ ਕਿ ਪੰਥ ਵਿਰੋਧੀ ਨੀਤੀਆਂ ਕਾਰਨ ਬਾਦਲ ਪਰਿਵਾਰ ਆਪਣਾ ਅਕਸ ਪੂਰੀ ਤਰ੍ਹਾਂ ਖਰਾਬ ਕਰ ਚੁੱਕਿਆ ਹੈ, ਅਜਿਹੇ ਵਿਚ ਉਹ ਭਾਈ ਬਲਵੰਤ ਸਿੰਘ ਰਾਜੋਆਣਾ ਦੀ ਭੈਣ ਬੀਬੀ ਕਮਲਦੀਪ ਕੌਰ ਨੂੰ ਸੰਗਰੂਰ ਲੋਕ ਸਭਾ ਜ਼ਿਮਨੀ ਚੋਣ ਤੋਂ ਉਮੀਦਵਾਰ ਖੜ੍ਹਾ ਕਰ ਕੇ ਆਪਣੀ ਸਿਆਸਤ ਚਮਕਾਉਣ ਲਈ ਬੰਦੀ ਸਿੰਘਾਂ ਦੇ ਹਮਾਇਤੀ ਹੋਣ ਦਾ ਦਿਖਾਵਾ ਕਰ ਰਿਹਾ ਹੈ।

# ਖਰੜ ਅਦਾਲਤ ਵੱਲੋਂ ਪੰਚਾਇਤ ਮੰਤਰੀ ਧਾਲੀਵਾਲ ਨੂੰ ਸੰਮਨ

**ਚੰਡੀਗੜ੍ਹ:** ਖਰੜ ਅਦਾਲਤ ਨੇ ਪੰਚਾਇਤੀ ਜਮੀਨ ਤੋਂ ਕਬਜ਼ਾ ਛੁਡਵਾਉਣ ਦੇ ਮਾਮਲੇ ਵਿਚ ਪੇਂਡੂ ਵਿਕਾਸ ਤੇ ਪੰਚਾਇਤ ਮੰਤਰੀ ਕੁਲਦੀਪ ਸਿੰਘ ਧਾਲੀਵਾਲ ਨੂੰ ਸੰਮਨ ਜਾਰੀ ਕੀਤੇ ਹਨ। ਖਰੜ ਦੀ ਸਿਵਲ ਅਦਾਲਤ ਨੇ ਪੰਚਾਇਤ ਮੰਤਰੀ ਧਾਲੀਵਾਲ ਨੂੰ 25 ਜੁਲਾਈ ਲਈ ਤਲਬ ਕਰਦਿਆਂ ਵਿਅਕਤੀਗਤ ਤੌਰ 'ਤੇ ਪੇਸ਼ ਹੋਣ ਲਈ ਕਿਹਾ ਹੈ।

ਯਾਦ ਰਹੇ ਕਿ ਪੇਂਡੂ ਵਿਕਾਸ ਤੇ ਪੰਚਾਇਤ ਮੰਤਰੀ ਨੇ ਪੰਚਾਇਤੀ ਜ਼ਮੀਨਾਂ ਤੋਂ ਨਾਜਾਇਜ਼ ਕਬਜ਼ੇ ਹਟਾਉਣ ਦੀ ਮੁਹਿੰਮ ਤਹਿਤ 28 ਅਪਰੈਲ ਨੂੰ ਸਿਸਵਾਂ ਤੋਂ ਪੰਚਾਇਤੀ ਜਮੀਨ ਖਾਲੀ ਕਰਵਾਈ ਸੀ। ਕੈਪਟਨ ਬਿਕਰਮਜੀਤ ਸਿੰਘ ਨੇ ਇਸ ਮਾਮਲੇ ਨੂੰ ਖਰੜ ਅਦਾਲਤ ਵਿਚ ਚੁਣੌਤੀ ਦਿੰਦਿਆਂ ਆਪਣਾ ਪੱਖ ਰੱਖਿਆ ਸੀ। ਇਸੇ ਪਟੀਸ਼ਨ ਦੇ ਆਧਾਰ 'ਤੇ ਅਦਾਲਤ ਵੱਲੋਂ ਪੰਚਾਇਤ ਮੰਤਰੀ ਨੂੰ ਸੰਮਨ ਜਾਰੀ ਕੀਤੇ ਗਏ ਹਨ। ਦੂਜੇ ਪਾਸੇ ਪੰਚਾਇਤ ਵਿਭਾਗ ਆਖ ਰਿਹਾ ਹੈ ਕਿ ਪੰਚਾਇਤੀ



ਜ਼ਮੀਨਾਂ ਤੋਂ ਨਾਜਾਇਜ਼ ਕਬਜ਼ੇ ਹਟਾਉਣ ਦੀ ਮੁਹਿੰਮ ਕਾਨੂੰਨੀ ਪੇਚੀਦਗੀਆਂ ਨੂੰ ਸੁਲਝਾ ਕੇ ਸ਼ੁਰੂ ਕੀਤੀ ਗਈ ਸੀ।

# ਪਾਣੀ ਬਚਾਉਣ ਲਈ ਸਾਂਝੇ ਸੰਘਰਸ਼ ਦਾ ਹੋਕਾ ਦਿੱਤਾ

**ਬਰਨਾਲਾ:** ਲੋਕ ਮੋਰਚਾ ਪੰਜਾਬ ਵੱਲੋਂ ਇਥੇ ਅਨਾਜ ਮੰਡੀ ਵਿਚ 'ਪਾਣੀ ਦਾ ਸੰਕਟ: ਇਸ ਦਾ ਕਾਰਨ ਅਤੇ ਹੱਲ' ਵਿਸ਼ੇ ਸਬੰਧੀ ਕਨਵੈਨਸ਼ਨ ਕਰਵਾਈ ਗਈ, ਜਿਸ ਵਿਚ ਕਿਸਾਨ, ਮਜ਼ਦੂਰ, ਮੁਲਾਜ਼ਮ ਵਰਗ ਦੇ ਸਰਗਰਮ ਕਾਰਕੁਨਾਂ ਵੱਲੋਂ ਸ਼ਮੂਲੀਅਤ ਕੀਤੀ ਗਈ।



ਬੁਲਾਰਿਆਂ ਨੇ ਪਾਣੀ ਨੂੰ ਬਚਾਉਣ ਲਈ ਸਾਂਝੇ ਸੰਘਰਸ਼ਾਂ 'ਤੇ ਟੇਕ ਰੱਖਣ ਦੀ ਲੋੜ 'ਤੇ ਜੋਰ ਦਿੱਤਾ। ਲੋਕ ਮੋਰਚਾ ਪੰਜਾਬ ਦੇ ਸੂਬਾ ਸਕੱਤਰ ਜਗਮੇਲ ਸਿੰਘ ਤੇ ਸੂਬਾ ਕਮੇਟੀ ਮੈਂਬਰਾਂ ਗੁਰਦੀਪ ਸਿੰਘ ਨੇ ਕਨਵੈਨਸ਼ਨ ਨੂੰ ਸੰਬੋਧਨ ਕਰਦਿਆਂ ਕਿਹਾ ਕਿ ਸੰਸਾਰ ਬੈਂਕ ਅਤੇ ਵਿਸ਼ਵ ਵਪਾਰ ਸੰਸਥਾ (ਡਬਲਿਊ.ਟੀ.ਓ.) ਵਰਗੀਆਂ ਸੰਸਥਾਵਾਂ ਦੇ ਦਿਸ਼ਾ-ਨਿਰਦੇਸ਼ਾਂ ਤਹਿਤ ਦੇਸ਼ ਦੇ ਹਾਕਮਾਂ ਵੱਲੋਂ ਕਾਰਪੋਰੇਟਾਂ ਤੇ ਸਾਮਰਾਜੀਆਂ ਦੇ ਹਿੱਤਾਂ ਦੀ ਰਾਖੀ ਲਈ ਲਿਆਂਦਾ ਗਿਆ ਮੌਜੂਦਾ ਖੇਤੀ ਮਾਡਲ, ਸਨਅਤੀ ਨੀਤੀਆਂ ਅਤੇ ਇਨ੍ਹਾਂ ਦੀ ਪੈਦਾਵਾਰ ਦਾ ਮੁਨਾਫਾ ਕਮਾਊ ਮੰਤਵ ਹੀ ਇਸ ਸੰਕਟ ਦੇ ਜ਼ਿੰਮੇਵਾਰ ਹਨ। ਸਿੱਟੇ ਵਜੋਂ ਪੰਜਾਬ ਦੇ ਨਾ ਸਿਰਫ ਧਰਤੀ ਹੇਠਲੇ ਪਾਣੀ ਦਾ ਪੱਧਰ ਨੀਵਾਂ ਹੋ ਰਿਹਾ ਹੈ ਬਲਕਿ ਇਹ ਪੀਣ ਦੇ ਯੋਗ ਵੀ ਨਹੀਂ ਰਹਿ ਰਿਹਾ। ਨਹਿਰਾਂ/ਦਰਿਆਵਾਂ ਦੇ ਪਾਣੀ ਨੂੰ ਵੀ ਸੀਵਰੇਜ ਤੇ ਸਨਅਤੀ ਗੰਦਗੀ ਨੇ ਪ੍ਰਦੂਸ਼ਿਤ ਕਰ ਦਿੱਤਾ ਹੈ। ਬੁਲਾਰਿਆਂ ਨੇ ਕਿਹਾ ਕਿ ਪਾਣੀ ਦੇ ਸੰਕਟ ਦੇ ਹੱਲ ਦੇ ਬਹਾਨੇ ਹੇਠ ਹੁਣ ਇਸ ਦਾ ਨਿੱਜੀਕਰਨ ਕੀਤਾ ਜਾ ਰਿਹਾ ਹੈ।

ਆਗੂਆਂ ਪਾਣੀ ਦਾ ਪੱਧਰ ਹੇਠਾਂ ਡਿੱਗਣ ਅਤੇ ਪ੍ਰਦੂਸ਼ਿਤ ਹੋਣ ਤੋਂ ਬਚਾਉਣ ਲਈ ਲੋਕਾਂ ਨੂੰ ਇਨ੍ਹਾਂ ਨੀਤੀਆਂ ਖ਼ਿਲਾਫ ਸਾਂਝੇ ਸੰਘਰਸ਼ਾਂ ਦੀ ਲੋੜ 'ਤੇ ਜ਼ੋਰ ਦਿੱਤਾ। ਉਨ੍ਹਾਂ ਮੰਗ ਕੀਤੀ ਕਿ ਦੇਸ਼ ਦੇ ਜਲ ਪ੍ਰੋਜੈਕਟਾਂ 'ਚੋਂ ਸੰਸਾਰ ਬੈਂਕ ਦਾ ਦਖਲ ਖ਼ਤਮ ਹੋਵੇ। ਨਹਿਰਾਂ ਅਤੇ ਧਰਤੀ ਹੇਠਲੇ ਪ੍ਰਦੂਸ਼ਿਤ ਹੋ ਰਹੇ ਪਾਣੀ ਲਈ ਜ਼ਿੰਮੇਵਾਰ ਸਨਅਤੀ ਅਦਾਰਿਆਂ ਨੂੰ ਭਾਰੀ ਜਰਮਾਨੇ ਕੀਤੇ ਜਾਣ ਅਤੇ ਉਨ੍ਹਾਂ ਨੂੰ ਸਖਤ ਸਜਾਵਾਂ ਦਿੱਤੀਆਂ ਜਾਣ। ਝੋਨੇ ਦੇ ਬਦਲ ਵਜੋਂ ਦੂਸਰਿਆਂ ਰਵਾਇਤੀ ਫਸਲਾਂ ਦੀ ਖਰੀਦ ਦੀ ਗਾਰੰਟੀ ਦਿੱਤੀ ਜਾਵੇ। ਸਾਮਰਾਜੀ ਕੰਪਨੀਆਂ ਨੂੰ ਦੇਸ਼ ਵਿਚੋਂ ਬਾਹਰ ਕੱਢਿਆ ਜਾਵੇ।

## ਹੱਤਿਆ ਦੇ ਦੋਸ਼ ਹੇਠ 'ਆਪ' ਆਗੂ ਚਰਨਦੀਪ ਸਿੰਘ ਬੱਬਾ ਗ੍ਰਿਫਤਾਰ

**ਅੰਮ੍ਰਿਤਸਰ:** ਇਥੇ ਇਕ ਦੁਕਾਨਦਾਰ ਗੁਰਪ੍ਰਤਾਪ ਸਿੰਘ ਰਾਜਾ ਦਾ ਗੋਲੀਆਂ ਮਾਰ ਕੇ ਕਤਲ ਕਰਨ ਦੇ ਮਾਮਲੇ ਵਿਚ ਪੁਲਿਸ ਨੇ ਕੌਂਸਲਰ ਦੇ ਪੁੱਤਰ ਤੇ 'ਆਪ' ਆਗੂ ਚਰਨਦੀਪ ਸਿੰਘ ਬੱਬਾ ਨੂੰ ਗ੍ਰਿਫਤਾਰ ਕੀਤਾ ਹੈ। ਇਸ ਦੌਰਾਨ ਪੁਲਿਸ ਕਮਿਸ਼ਨਰ ਨੇ ਡਿਊਟੀ ਦੌਰਾਨ ਕੁਤਾਹੀ ਵਰਤਣ ਦੇ ਦੋਸ਼ ਹੇਠ ਇਕ ਐਸ.ਐਚ.ਓ. ਤੇ ਪੰਜ ਹੋਰ ਪੁਲਿਸ ਮੁਲਾਜ਼ਮਾਂ ਨੂੰ ਵੀ ਮੁਅੱਤਲ ਕਰ ਦਿੱਤਾ ਹੈ।

ਜ਼ਮੀਨ ਦੇ ਮਾਮਲੇ ਵਿਚ ਹੋਏ ਇਕ ਝਗੜੇ ਦੌਰਾਨ ਗੋਲੀਆਂ ਮਾਰ ਕੇ ਗੁਰਪ੍ਰਤਾਪ ਸਿੰਘ ਰਾਜਾ ਦਾ ਕਤਲ ਕਰ ਦਿੱਤਾ ਗਿਆ ਸੀ। ਇਸ ਹਮਲੇ ਵਿਚ ਰਿਸ਼ੀ ਨਾਂ ਦਾ ਇਕ ਵਿਅਕਤੀ ਵੀ ਗੋਲੀ ਲੱਗਣ ਕਾਰਨ ਜ਼ਖਮੀ ਹੋਇਆ ਸੀ। ਇਸ ਮਾਮਲੇ ਵਿਚ ਪੁਲਿਸ ਨੇ ਮ੍ਰਿਤਕ ਦੀ ਪਤਨੀ ਰਾਜਬੀਰ ਕੌਰ ਦੇ ਬਿਆਨਾਂ ਦੇ ਆਧਾਰ 'ਤੇ ਚਰਨਦੀਪ ਸਿੰਘ ਬੱਬਾ ਸਣੇ ਉਸ ਦੇ ਦੋ ਭਰਾਵਾਂ ਰਿੰਪੀ ਤੇ ਹੈਪੀ, ਧਰਮਿੰਦਰ ਸਿੰਘ ਭੋਲੂ, ਇਕ ਨਿਹੰਗ ਸਿੰਘ ਤੇ ਤਿੰਨ ਅਣਪਛਾਤੇ ਵਿਅਕਤੀਆਂ ਖਿਲਾਫ ਕੇਸ ਦਰਜ ਕੀਤਾ ਸੀ। ਇਸ ਵਾਰਦਾਤ ਵਿਚ ਵਰਤਿਆ ਗਿਆ ਪਿਸਤੌਲ ਵੀ ਪੁਲਿਸ ਨੇ ਬਰਾਮਦ ਕਰ ਲਿਆ ਹੈ।

# ਫਲੈਟਾਂ 'ਤੇ ਕਬਜ਼ਾ ਕਰੀ ਬੈਠੇ ਸਾਬਕਾ ਵਿਧਾਇਕਾਂ ਖਿਲਾਫ ਸਖਤੀ ਹੋਵੇਗੀ

**ਚੰਡੀਗੜ੍ਹ:** ਪੰਜਾਬ ਸਰਕਾਰ ਵੱਲੋਂ ਸਰਕਾਰੀ ਫਲੈਟ ਖਾਲੀ ਨਾ ਕਰਨ ਵਾਲੇ ਸਾਬਕਾ ਵਿਧਾਇਕਾਂ ਨੂੰ ਆਖਰੀ ਚਿਤਾਵਨੀ ਦੇ ਦਿੱਤੀ ਗਈ ਹੈ। ਪੰਜਾਬ ਵਿਧਾਨ ਸਭਾ ਦੇ ਸਪੀਕਰ ਕੁਲਤਾਰ ਸਿੰਘ ਸੰਧਵਾਂ ਹੁਣ ਇਨ੍ਹਾਂ ਸਾਬਕਾ ਵਿਧਾਇਕਾਂ ਖਿਲਾਫ ਸਖਤ ਕਾਰਵਾਈ ਕਰਨ ਦੇ ਰੌਂਅ ਵਿਚ ਹਨ। ਫਲੈਟ ਖਾਲੀ ਨਾ ਹੋਣ ਕਾਰਨ ਆਮ ਆਦਮੀ ਪਾਰਟੀ ਦੇ ਮੌਜੂਦਾ ਵਿਧਾਇਕਾਂ ਨੂੰ ਸਰਕਾਰੀ ਟਿਕਾਣਾ ਨਹੀਂ ਮਿਲ ਰਿਹਾ ਹੈ।

ਸਪੀਕਰ ਕੋਲ ਮੌਜੂਦਾ ਵਿਧਾਇਕ ਵਾਰ-ਵਾਰ ਪਹੁੰਚ ਕਰ ਰਹੇ ਹਨ। ਸ੍ਰੀ ਸੰਧਵਾਂ ਨੇ ਹੁਣ ਫਲੈਟ ਖਾਲੀ ਨਾ ਕਰਨ ਵਾਲੇ ਸਾਬਕਾ ਵਿਧਾਇਕਾਂ ਖਿਲਾਫ ਸਖਤ ਕਾਰਵਾਈ ਕਰਨ ਲਈ ਹਰੀ ਝੰਡੀ ਦੇ ਦਿੱਤੀ ਹੈ। ਇਨ੍ਹਾਂ ਸਾਬਕਾ ਵਿਧਾਇਕਾਂ ਨੂੰ ਆਖਰੀ ਚਿਤਾਵਨੀ ਨੁਮਾ ਨੋਟਿਸ ਭੇਜਿਆ ਜਾ ਰਿਹਾ ਹੈ। ਸਾਬਕਾ ਵਿਧਾਇਕ ਬਿਕਰਮਜੀਤ ਸਿੰਘ ਮਜੀਠੀਆ ਤੋਂ ਇਲਾਵਾ ਸੱਤ ਹੋਰ ਸਾਬਕਾ ਵਿਧਾਇਕ ਹਨ ਜਿਨ੍ਹਾਂ ਵੱਲੋਂ ਸਰਕਾਰੀ ਫਲੈਟ ਖਾਲੀ ਨਹੀਂ ਕੀਤੇ ਜਾ ਰਹੇ ਹਨ।

ਪੰਜਾਬ ਵਿਧਾਨ ਸਭਾ ਵੱਲੋਂ ਸਾਬਕਾ ਵਿਧਾਇਕਾਂ ਨੂੰ 25 ਮਾਰਚ ਤੱਕ ਸਰਕਾਰੀ ਫਲੈਟ ਖਾਲੀ ਕਰਨ ਵਾਸਤੇ ਕਿਹਾ ਗਿਆ ਸੀ ਪਰ ਅੱਠ ਸਾਬਕਾ ਵਿਧਾਇਕਾਂ ਨੇ ਹਾਲੇ ਤੱਕ ਘੇਸਲ ਵੱਟੀ ਹੋਈ ਹੈ। ਜੇਕਰ ਕੋਈ ਸਾਬਕਾ ਵਿਧਾਇਕ ਫਿਰ ਵੀ ਇਨ੍ਹਾਂ ਨੋਟਿਸਾਂ ਨੂੰ ਟਿੱਚ ਸਮਝੇਗਾ ਤਾਂ ਉਸ ਖਿਲਾਫ ਸਰਕਾਰ ਫੌਜਦਾਰੀ ਮੁਕੱਦਮਾ ਵੀ ਦਰਜ ਕਰਾ ਸਕਦੀ ਹੈ, ਜਿਨ੍ਹਾਂ ਸਾਬਕਾ ਵਿਧਾਇਕਾਂ ਨੇ ਹਾਲੇ ਤੱਕ ਸਰਕਾਰੀ ਫਲੈਟ ਖਾਲੀ ਨਹੀਂ ਕੀਤੇ ਹਨ, ਉਨ੍ਹਾਂ ਵਿਚ ਸਾਬਕਾ ਵਿਧਾਇਕ ਕੁਲਬੀਰ ਜ਼ੀਰਾ, ਰਮਿੰਦਰ ਸਿੰਘ ਆਵਲਾ, ਅੰਗਦ ਸਿੰਘ, ਗੁਰਪ੍ਰਤਾਪ ਸਿੰਘ ਵਡਾਲਾ, ਸਤਕਾਰ ਕੌਰ, ਸੁਖਪਾਲ ਸਿੰਘ ਭੁੱਲਰ ਅਤੇ ਗੁਰਪ੍ਰੀਤ ਸਿੰਘ ਆਦਿ ਸ਼ਾਮਲ ਹਨ। ਸਾਬਕਾ ਵਿਧਾਇਕ ਬਿਕਰਮਜੀਤ ਸਿੰਘ ਮਜੀਠੀਆ ਹਾਲੇ ਪਟਿਆਲਾ ਜੇਲ੍ਹ ਵਿਚ ਬੰਦ ਹਨ ਜਿਸ ਕਰਕੇ ਉਨ੍ਹਾਂ ਵੱਲੋਂ ਟਾਲਮਟੋਲ ਕੀਤੀ ਜਾ ਰਹੀ ਹੈ।



ਤਕਰੀਬਨ ਮਹੀਨਾ ਪਹਿਲਾਂ ਕਰੀਬ ਦੋ ਦਰਜਨ ਦੇ ਕਰੀਬ ਸਾਬਕਾ ਵਿਧਾਇਕਾਂ ਨੇ ਫਲੈਟ ਖਾਲੀ ਨਹੀਂ ਕੀਤੇ ਸਨ ਪਰ ਪੰਜਾਬ ਵਿਧਾਨ ਸਭਾ ਸਕੱਤਰੇਤ ਦੇ ਦਬਕੇ ਮਗਰੋਂ ਕਾਫੀ ਸਾਬਕਾ ਵਿਧਾਇਕ ਆਪਣੇ ਫਲੈਟ ਖਾਲੀ ਕਰ ਗਏ ਸਨ ਜਿਨ੍ਹਾਂ ਵਿਚ ਸਾਬਕਾ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਦਾ ਨਾਮ ਵੀ ਸ਼ਾਮਲ ਹੈ।

ਵਿਧਾਨ ਸਭਾ ਦੇ ਸਪੀਕਰ ਕੁਲਤਾਰ ਸਿੰਘ ਸੰਧਵਾਂ ਦਾ ਕਹਿਣਾ ਸੀ ਕਿ ਉਂਜ ਤਾਂ ਸਾਬਕਾ ਵਿਧਾਇਕਾਂ ਨੂੰ ਖੁਦ ਹੀ ਇਖਲਾਕੀ ਤੌਰ 'ਤੇ ਫਲੈਟ ਛੱਡ ਦੇਣੇ ਚਾਹੀਦੇ ਸਨ ਪਰ ਹੁਣ ਜਦੋਂ ਕੁਝ ਸਾਬਕਾ ਵਿਧਾਇਕ ਫਲੈਟ ਖਾਲੀ ਨਹੀਂ ਕਰ ਰਹੇ ਹਨ ਤਾਂ ਉਨ੍ਹਾਂ ਨੂੰ ਮਜਬੂਰਨ ਸਖਤ ਕਦਮ ਉਠਾਉਣੇ ਪੈਣਗੇ। ਉਨ੍ਹਾਂ ਕਿਹਾ ਕਿ ਆਖਰੀ ਫੈਸਲਾ ਲੈਣ ਤੋਂ ਪਹਿਲਾਂ ਫਲੈਟ ਖਾਲੀ ਨਾ ਕਰਨ ਵਾਲੇ ਸਾਬਕਾ ਵਿਧਾਇਕਾਂ ਨੂੰ ਆਖਰੀ ਨੋਟਿਸ ਜਰੂਰ ਦਿੱਤਾ ਜਾਵੇਗਾ।

# ਸ਼ਬਦੀ ਬਾਣ, ਨਫ਼ਰਤੀ ਕੰਧਾਂ

ਸ਼ਬਦ ਦੇ ਤਿੱਖੇ ਬਾਣ, ਦੇਸ਼ ਵਿਚ ਨਫ਼ਰਤੀ ਅੱਗ ਫੈਲਾਉਣ ਅਤੇ ਬੁਲਡੋਜ਼ਰ ਤੰਤਰ ਦੀ ਨੀਤੀ ਨੂੰ ਹਵਾ ਦੇ ਰਹੇ ਹਨ। ਕੀ ਭਾਰਤੀ ਲੋਕਤੰਤਰ ਲਈ ਇਹ ਸਥਿਤੀ ਸੁਖਾਵੀਂ ਹੈ? ਕੀ ਇਹ ਦੇਸ਼ ਦੇ ਟੋਟੇ-ਟੋਟੇ ਕਰਨ ਦਾ ਸਾਧਨ ਤਾਂ ਨਹੀਂ ਬਣੇਗੀ? ਜੇਕਰ ਇਹ ਨੀਤ ਅਤੇ ਨੀਤੀ ਸਿਰਫ਼ 2024 ਦੀਆਂ ਲੋਕ ਸਭਾ ਚੋਣਾਂ 'ਚ ਹਾਕਮ ਧਿਰ ਵਲੋਂ ਜਿੱਤ ਪ੍ਰਾਪਤ ਕਰਨ ਵਾਲਾ ਇਕ ਸੰਦ ਬਣਾਇਆ ਜਾ ਰਿਹਾ ਹੈ ਤਾਂ ਹੋਰ ਵੀ ਮੰਦਭਾਗਾ ਹੈ।

ਪਿਛਲੇ ਹਫ਼ਤੇ ਭਾਰਤ ਦੁਨੀਆ ਭਰ 'ਚ ਜਿੰਨਾ ਬਦਨਾਮ ਹੋਇਆ ਹੈ, ਸ਼ਾਇਦ ਹੀ ਕਦੇ ਹੋਇਆ ਹੋਵੇ। ਦੁਨੀਆ ਦੇ ਤਕਰੀਬਨ ਹਰ ਇਸਲਾਮੀ ਦੇਸ਼ ਨੇ



ਗੁਰਮੀਤ ਸਿੰਘ ਪਲਾਹੀ
ਫੋਨ:98158-02070

ਸਪਸ਼ਟ ਕੀਤਾ ਹੈ ਕਿ ਕਿਸੇ ਹਾਲਤ ਵਿਚ ਵੀ ਇਸਲਾਮ ਦੇ ਪੈਗੰਬਰ ਰਸੂਲ ਦੀ ਬੇਇੱਜ਼ਤੀ ਸਹਿਣ ਨਹੀਂ ਕੀਤੀ ਜਾ ਸਕਦੀ।

ਬੀਤੇ ਦਿਨ ਭਾਜਪਾ ਨੇਤਾ ਨੂਪੁਰ ਸ਼ਰਮਾ ਅਤੇ ਨਵੀਨ ਕੁਮਾਰ ਵਲੋਂ ਕਥਿਤ ਟਿੱਪਣੀਆਂ ਕੀਤੀਆਂ ਗਈਆਂ ਸਨ, ਜਿਸ ਕਾਰਨ ਦੇਸ਼ ਦੇ ਕਈ ਹਿੱਸਿਆਂ 'ਚ ਹਿੰਸਾ ਭੜਕ ਗਈ ਸੀ। ਸ਼ੁੱਕਰਵਾਰ ਦੀ ਨਮਾਜ਼ ਤੋਂ ਬਾਅਦ ਪੈਗੰਬਰ ਮੁਹੰਮਦ ਬਾਰੇ ਟਿੱਪਣੀ ਖ਼ਿਲਾਫ ਪ੍ਰਦਰਸ਼ਨਾਂ ਦੌਰਾਨ ਹਿੰਸਾ ਹੋ ਗਈ ਸੀ। ਯੂਪੀ ਦੇ 8 ਜ਼ਿਲ੍ਹਿਆਂ 'ਚ 13 ਕੇਸ ਦਰਜ ਕਰ ਕੇ 304 ਵਿਅਕਤੀ ਹਿਰਾਸਤ ਵਿਚ ਲਏ ਗਏ ਸਨ। ਸਿੱਧੀ ਕਾਰਵਾਈ ਪੁਲਿਸ ਅਤੇ ਪ੍ਰਸ਼ਾਸਨ ਵਲੋਂ ਕੀਤੀ ਗਈ। ਹਿੰਸਾ ਦੇ ਕਥਿਤ ਸਾਜ਼ਿਸ਼ ਘਾੜੇ ਮੁਹੰਮਦ ਜਾਵੇਦ ਉਰਫ ਜਾਵੇਦ ਪੰਪ ਦੇ ਦੋ ਮੰਜ਼ਲਾ ਘਰ ਨੂੰ ਬੁਲਡੋਜ਼ਰ ਨਾਲ ਢਾਅ ਦਿੱਤਾ ਗਿਆ।

ਪੈਗੰਬਰ ਹਜ਼ਰਤ ਮੁਹੰਮਦ 'ਤੇ ਟਿੱਪਣੀ ਦੀ ਖ਼ਾਸ ਤੌਰ 'ਤੇ ਮੁਸਲਿਮ ਦੇਸ਼ਾਂ 'ਚ ਪ੍ਰਤੀਕਿਰਿਆ ਵੇਖਣ ਨੂੰ ਮਿਲੀ। ਕਤਰ, ਕੁਵੈਤ, ਬਹਿਰੀਨ, ਸਾਊਦੀ ਅਰਬ, ਸੰਯੁਕਤ ਅਰਬ ਅਮੀਰਾਤ ਆਦਿ ਖਾੜੀ ਦੇਸ਼ਾਂ ਅਤੇ ਇੰਡੋਨੇਸ਼ੀਆ, ਮਾਲਦੀਵ ਵਲੋਂ ਭਾਰਤ ਸਰਕਾਰ ਕੋਲ ਇਸ ਬਾਰੇ ਵਿਰੋਧ ਦਰਜ ਕਰਵਾਇਆ ਗਿਆ ਹੈ। ਪਾਕਿਸਤਾਨ ਨੇ ਵੀ ਇਸ ਟਿੱਪਣੀ ਦਾ ਵਿਰੋਧ ਕੀਤਾ ਹੈ। ਕਤਰ ਜਿੱਥੇ 30 ਲੱਖ ਭਾਰਤੀ ਵਸਦੇ ਹਨ, ਉਥੋਂ ਦੀ ਸਰਕਾਰ ਨੇ ਇਨ੍ਹਾਂ ਬਿਆਨਾਂ 'ਤੇ ਸਖ਼ਤ ਟਿੱਪਣੀ ਕੀਤੀ ਹੈ। ਹਰ ਇਸਲਾਮੀ ਦੇਸ਼ 'ਚ ਭਾਰਤ ਦੀ ਬਦਨਾਮੀ ਹੋਈ ਹੈ। ਜਿਨ੍ਹਾਂ ਮੁਸਲਿਮ ਮੁਲਕਾਂ 'ਚ ਵੱਡੀ ਗਿਣਤੀ ਭਾਰਤੀ ਵਸਦੇ ਹਨ, ਉਥੋਂ ਅੱਧੇ ਤੋਂ ਜ਼ਿਆਦਾ ਵਿਦੇਸ਼ੀ ਮੁਦਰਾ ਮਿਲਦੀ ਹੈ। ਜੇਕਰ ਨਫ਼ਰਤ ਦਾ ਇਹ ਕਾਰਖਾਨਾ ਬੰਦ ਨਹੀਂ ਹੁੰਦਾ, ਤਾਂ ਭਾਰਤ ਨਾਲ ਇਨ੍ਹਾਂ ਦੇਸ਼ਾਂ ਦੇ ਸਬੰਧ ਸੁਖਾਵੇਂ ਨਹੀਂ ਰਹਿਣਗੇ ਅਤੇ ਕਾਰੋਬਾਰ 'ਚ ਵੀ ਭਾਰਤ ਨੂੰ ਵੱਡਾ ਨੁਕਸਾਨ ਉਠਾਉਣਾ ਪਵੇਗਾ।

ਮੋਦੀ ਸਰਕਾਰ ਨੇ "ਨੀਊ ਇੰਡੀਆ" ਬਣਾਉਣ ਦਾ ਬੀੜਾ ਚੁੱਕਿਆ ਹੈ। ਇਸ ਨੀਊ ਇੰਡੀਆ ਦੀ ਨੀਂਹ ਕਿਹੜੀ ਹੈ? ਘੱਟ ਗਿਣਤੀਆਂ ਉਤੇ ਸ਼ਬਦ "ਸਭ ਕਾ ਵਿਕਾਸ, ਸਭ ਕਾ ਸਾਥ" ਜਿਹੇ ਨਾਹਰੇ ਛੱਡ ਕੇ ਫ਼ਿਰਕੂਵਾਦ ਨੂੰ ਵਧਾਇਆ ਜਾ ਰਿਹਾ ਹੈ। ਮੁਸਲਿਮ ਭਾਈਚਾਰੇ ਉਤੇ ਕੀਤੇ ਜਾਂਦੇ ਹਮਲੇ ਇਸਦੀ ਉਦਾਹਰਨ ਹਨ। ਇਸ ਕੰਮ 'ਚ ਕਈ ਹਿੰਦੂ ਸੰਤ ਸ਼ਾਮਲ ਹਨ, ਕੇਂਦਰੀ ਮੰਤਰੀ ਸ਼ਾਮਲ ਹਨ, ਕਈ ਟੀਵੀ ਪੱਤਰਕਾਰ ਇਨ੍ਹਾਂ ਦੇ ਪ੍ਰਮੁੱਖ ਪ੍ਰਵਕਤਾ ਬਣੇ ਹੋਏ ਹਨ, ਜੋ ਮਨੁੱਖਤਾ ਦੇ ਭਲੇ ਦੀ ਗੱਲ ਤੱਜ ਕੇ ਹਿੰਦੀ, ਹਿੰਦੂ, ਹਿੰਦੂਤਵ ਨੂੰ ਮੁੱਖ ਮੁੱਦਾ ਬਣਾ ਕੇ ਪ੍ਰਚਾਰ ਕਰ ਰਹੇ ਹਨ।

ਉਦਾਹਰਨ ਵਜੋਂ ਜਦੋਂ ਕੋਵਿਡ-19 ਫੈਲਿਆ, ਉਸਦਾ ਦੋਸ਼ ਮੌਲਵੀਆਂ ਉਤੇ ਪਾ ਦਿੱਤਾ ਗਿਆ, ਜੋ ਦਿੱਲੀ 'ਚ ਇਕ ਸਾਲਾਨਾ ਇਸਲਾਮੀ ਸੰਮੇਲਨ 'ਚ ਆਏ ਸਨ। ਅਮਰੀਕੀ ਰਾਸ਼ਟਰਪਤੀ ਦੇ ਦੌਰੇ ਅਤੇ ਚੋਣ ਦੰਗਲ 'ਚ ਕੀਤੀਆਂ ਵਡੀਆਂ ਰੈਲੀਆਂ ਉਹ ਭੁੱਲ ਹੀ ਗਏ। ਨਾਗਰਿਕਤਾ ਕਾਨੂੰਨ ਵਿਚ ਸੋਧ ਦੇ ਖਿਲਾਫ਼ ਜਦੋਂ ਮੁਸਲਮਾਨ ਸੜਕਾਂ 'ਤੇ ਆ ਕੇ ਵਿਰੋਧ ਕਰਨ ਲੱਗੇ, ਤਾਂ ਉਨ੍ਹਾਂ ਉਤੇ ਗਦਾਰੀ ਦਾ ਇਲਜ਼ਾਮ ਲਗਾ ਦਿੱਤਾ ਗਿਆ। ਇਹ ਇਲਜ਼ਾਮ ਕਿਸੇ ਹੋਰ ਨੇ ਨਹੀਂ ਕੇਂਦਰੀ ਗ੍ਰਹਿ ਮੰਤਰੀ ਨੇ ਲਗਾਏ। ਸ਼ਾਇਦ ਤੁਹਾਨੂੰ 2012 'ਚ ਗੁਜਰਾਤ ਚੋਣ ਰੈਲੀ ਵਿਚ ਨਰਿੰਦਰ ਮੋਦੀ ਦੇ ਬੋਲੇ ਸ਼ਬਦ ਯਾਦ ਹੋਣਗੇ, "ਜੇਕਰ ਅਸੀਂ ਪੰਜ ਕਰੋੜ ਗੁਜਰਾਤੀਆਂ ਦਾ ਸਵੈ-ਮਾਨ ਅਤੇ ਮਨੋਬਲ ਵਧਾ ਦੇਈਏ ਤਾਂ ਅਲੀ, ਮਲੀ ਅਤੇ ਜਮਾਲੀ ਦੀਆਂ ਯੋਜਨਾਵਾਂ ਕੁਝ ਵੀ ਨੁਕਸਾਨ ਨਹੀਂ ਪਹੁੰਚਾ ਸਕਦੀਆਂ। ਕੌਣ ਹਨ ਇਹ ਅਲੀ, ਮਲੀ, ਜਮਾਲੀ ਜਿਹੜੇ ਯੋਜਨਾਵਾਂ ਬਣਾਉਣ ਲਈ ਮਜਬੂਰ ਕਰ ਦਿੱਤੇ ਗਏ ਹਨ ਅਤੇ ਇਹ ਯੋਜਨਾਵਾਂ ਕਿਹੜੀਆਂ ਹਨ?

ਤਿੱਖੇ ਸ਼ਬਦੀ ਬਾਣ ਦੇਸ਼ ਲਈ ਨੁਕਸਾਨਦੇਹ ਹਨ, ਇਹ ਜਾਣਦਿਆਂ ਹੋਇਆਂ ਵੀ ਦੇਸ਼ ਦੇ ਗ੍ਰਹਿ ਮੰਤਰੀ ਬਿਆਨ ਦਿੰਦੇ ਹਨ, ਅਪ੍ਰੈਲ 2019 ਨੂੰ, "ਅਸੀਂ ਪੂਰੇ ਦੇਸ਼ ਵਿਚ ਐਨ.ਆਰ.ਸੀ. ਲਾਗੂ ਕਰਨਾ ਲਾਜ਼ਮੀ ਬਣਾਵਾਂਗੇ। ਬੋਧੀ, ਹਿੰਦੂ, ਸਿੱਖਾਂ ਨੂੰ ਛੱਡ ਕੇ ਅਸੀਂ ਦੇਸ਼ ਦੇ ਹਰੇਕ ਘੁਸਪੈਂਠੀਏ ਨੂੰ ਬਾਹਰ ਕਰ ਦਿਆਂਗੇ। ਜਿਹੜੇ ਦੇਸ਼ ਦੇ ਅਨਾਜ ਨੂੰ ਦੀਮਕ ਵਾਂਗਰ ਖਾ ਰਹੇ ਹਨ, ਜੋ ਗਰੀਬਾਂ ਦੇ ਢਿੱਡ




'ਚ ਪੈਣਾ ਚਾਹੀਦਾ ਹੈ"। ਬੁਲਡੋਜ਼ਰ ਬਾਬਾ ਯੂਪੀ ਦੇ ਮੁੱਖ ਮੰਤਰੀ ਯੋਗੀ ਆਦਿੱਤਿਆਨਾਥ ਵੀ ਬਿਆਨਬਾਜ਼ੀ ਅਤੇ ਕਾਰਵਾਈ 'ਚ ਕਿਸੇ ਤੋਂ ਪਿੱਛੇ ਨਹੀਂ, "ਮੁਕਾਬਲਾ ਬਹੁਤ ਅੱਗੇ ਵਧ ਚੁੱਕਾ ਹੈ। ਲੜਾਈ ਹੁਣ 80 ਬਨਾਮ 20 ਦੀ ਹੈ। ਸਿੱਧਾ ਅਰਥ ਇਹ ਹੈ ਕਿ 20 ਫ਼ੀਸਦੀ ਦੁਸ਼ਮਣ ਹਨ।

ਨਫ਼ਰਤੀ ਬੀਜ ਇਸ ਸਬੰਧ 'ਚ ਇਹੋ ਜਿਹੇ ਬੀਜੇ ਜਾ ਚੁੱਕੇ ਹਨ ਕਿ ਦੇਸ਼ ਦੀ ਹਾਕਮ ਧਿਰ ਭਾਜਪਾ ਦੀ ਨੁਮਾਇੰਦਗੀ ਕਰਨ ਵਾਲੇ ਤਿੰਨ ਸੌ ਪਝੱਤਰ (375) ਸਾਂਸਦਾਂ ਵਿਚੋਂ ਕੋਈ ਵੀ ਇਸ ਮਹੀਨੇ ਦੇ ਅੰਤ ਤਕ ਮੁਸਲਿਮ ਨਹੀਂ ਹੈ। ਉੱਤਰ ਪ੍ਰਦੇਸ਼ ਦੀਆਂ 430 ਅਤੇ ਗੁਜਰਾਤ ਦੀਆਂ 182 ਸੀਟਾਂ ਵਾਲੀ ਵਿਧਾਨ ਸਭਾ ਵਿਚ ਇਕ ਵੀ ਮੁਸਲਿਮ ਉਮੀਦਵਾਰ ਨੂੰ ਚੋਣਾਂ 'ਚ ਨਹੀਂ ਉਤਾਰਿਆ ਗਿਆ। ਦੇਸ਼ 'ਚ ਗਿਆਰਾਂ ਰਾਜਾਂ 'ਚ ਭਾਜਪਾ ਮੁੱਖ ਮੰਤਰੀ ਹਨ, ਪਰ ਇੱਥੇ ਇਨ੍ਹਾਂ ਰਾਜਾਂ 'ਚ ਸਿਰਫ਼ ਇਕ ਮੁਸਲਿਮ ਮੰਤਰੀ ਹੈ।

ਹਾਲਾਤ ਜਦੋਂ ਇਹੋ ਜਿਹੇ ਬਣਾ ਦਿੱਤੇ ਜਾਣ ਕਿ ਨਫ਼ਰਤ ਦੀਆਂ ਕੰਧਾਂ ਉਸਰ ਜਾਣ। ਕੁਝ ਲੋਕਾਂ ਨੂੰ ਇਸ ਫ਼ਿਰਕੂ ਫਿਤਰਤੀ ਮਾਹੌਲ 'ਚ ਸਾਹ ਲੈਣਾ ਵੀ ਔਖਾ ਹੋ ਜਾਏ ਤਾਂ ਫਿਰ ਦੇਸ਼ ਦੁਨੀਆ ਦੇ ਸੂਝਵਾਨ ਲੋਕਾਂ ਦੀ ਦ੍ਰਿਸ਼ਟੀ 'ਚ ਭੈੜਾ ਅਕਸ ਤਾਂ ਬਣਾਏਗੀ ਹੀ ਅਤੇ ਦੇਸ਼ ਆਪਣੇ ਆਪ ਵਿਚ ਦੁਨੀਆ ਦਾ ਬਿਹਤਰੀਨ ਲੋਕਤੰਤਰ ਹੋਣ ਦਾ ਦਾਅਵਾ ਖੁਹਾ ਹੀ ਬੈਠੇਗਾ। ਧਰਮ ਨਿਰਪੱਖ ਦੇਸ਼ ਹੋਣ ਦਾ ਨਾਮਣਾ ਖੱਟਣ ਵਾਲਾ ਭਾਰਤ, ਪਿਛਲੇ ਸਮੇਂ 'ਚ ਨਿਵਾਣ ਵੱਲ ਜਾ ਰਿਹਾ ਹੈ। ਮਨੁੱਖੀ ਅਧਿਕਾਰਾਂ 'ਚ ਇਸ ਦਾ ਨਾਂ ਨੀਵਾਂ ਹੋ ਰਿਹਾ ਹੈ। ਦੇਸ਼ 'ਚ ਗਰੀਬਾਂ ਦੀ ਗਿਣਤੀ ਵਧ ਰਹੀ ਹੈ। ਸਾਧਨਾਂ ਦੀ ਕਮੀ ਹੋ ਰਹੀ ਹੈ। ਅਜਿਹੀ ਸਥਿਤੀ ਉਸ ਦੇਸ਼ ਲਈ ਸੁਖਾਵੀਂ ਕਿਵੇਂ ਰਹੇਗੀ, ਜਿਹੜਾ ਜਗਤ ਗੁਰੂ ਬਣਨ ਦਾ ਸੁਪਨਾ ਮਨ ਵਿਚ ਪਾਲੀ ਬੈਠਾ ਹੈ।

ਹਾਕਮ ਧਿਰ ਵਲੋਂ ਸ਼ਬਦੀ ਸੰਦਾਂ ਦੀ ਵਰਤੋਂ ਕਰਦਿਆਂ ਕਿਸਾਨ ਅੰਦੋਲਨ ਸਮੇਂ ਅੰਦੋਲਨਕਾਰੀਆਂ ਨੂੰ ਪ੍ਰਜੀਵੀ ਆਖਿਆ ਗਿਆ। ਖਾਲਿਸਤਾਨੀ ਆਖਿਆ ਗਿਆ। ਭਾਜਪਾ ਨੇਤਾਵਾਂ ਵਲੋਂ ਮੁਸਲਿਮ ਭਾਈਚਾਰੇ ਦੇ ਲੋਕਾਂ ਨੂੰ ਤਾਲਿਬਾਨ, ਅਪਰਾਧੀ ਤਕ ਗਰਦਾਨਿਆ ਗਿਆ। ਅੰਗਰੇਜ਼ੀ ਦੀ ਬਹੁ-ਚਰਚਿਤ ਅਖ਼ਬਾਰ "ਦਿ ਵਾਇਰ" ਨੇ ਬੁਲਡੋਜ਼ਰ ਬਾਬਾ ਯੋਗੀ ਆਦਿੱਤਿਆਨਾਥ ਦੇ ਪਿਛਲੀਆਂ ਵਿਧਾਨ ਸਭਾ ਚੋਣਾਂ ਦੌਰਾਨ ਦਿੱਤੇ 34 ਬਿਆਨਾਂ ਦੀ ਸਮੀਖਿਆ ਕੀਤੀ। ਸਾਰੇ ਬਿਆਨ ਮੁਸਲਿਮ ਵਿਰੋਧੀ ਸਨ। ਨਫ਼ਰਤੀ ਅੱਗ ਫੈਲਾਉਣ ਵਾਲੇ ਯੂਪੀ ਦਾ ਵਿਧਾਇਕ ਮਾਇਨਕੇਸ਼ਵਰ ਸਿੰਘ ਦਾ ਬਿਆਨ ਪੜ੍ਹੋ," ਜੇਕਰ ਹਿੰਦੂ ਉਠ ਪਏ, ਅਸੀਂ ਉਨ੍ਹਾਂ ਦੀਆਂ ਦਾੜ੍ਹੀਆਂ, ਪੁੱਟ ਦੇਵਾਂਗੇ ਅਤੇ ਉਤੇ ਚੋਟੀਆਂ ਬਣਾ ਦਿਆਂਗੇ।"

ਬਿਨਾਂ ਸ਼ੱਕ ਭਾਰਤ ਵਿਚ ਫ਼ਿਰਕੂ ਨਫ਼ਰਤ ਨਵੀਂ ਨਹੀਂ ਹੈ ਪਰ ਭਾਰਤੀ ਲੋਕਤੰਤਰ ਵਿਚ ਮੌਜੂਦਾ ਸਮੇਂ 'ਚ, ਜੋ ਨਿਘਾਰ ਵੇਖਣ ਨੂੰ ਮਿਲ ਰਿਹਾ ਹੈ, ਉਹ ਵੱਖਰਾ ਹੈ। ਪਰ ਪੁਰਾਣੇ ਸਮੇਂ ਨੂੰ ਯਾਦ ਕਰ ਕੇ, ਨਫ਼ਰਤੀ ਅੱਗ ਫੈਲਾਉਣਾ ਕਿਸੇ ਵੀ ਤਰ੍ਹਾਂ ਜਾਇਜ਼ ਕਿਵੇਂ ਮੰਨਿਆ ਜਾ ਸਕਦਾ ਹੈ? ਮਸਜਿਦਾਂ ਥੱਲੇ ਮੰਦਰਾਂ ਨੂੰ ਲੱਭਣਾ, ਇਤਿਹਾਸਕ ਯਾਦਗਾਰਾਂ ਦੀ ਉਸਾਰੀ 'ਤੇ ਪ੍ਰਸ਼ਨ ਚਿੰਨ੍ਹ ਲਗਾਉਣੇ, ਸ਼ਹਿਰਾਂ, ਗਰਾਵਾਂ ਦੇ ਨਾਮ ਬਦਲਣੇ ਲੋਕਤੰਤਰਿਕ ਧਰਮ ਨਿਰਪੱਖ ਦੇਸ਼ ਵਲੋਂ ਅਪਣਾਏ ਸੰਵਿਧਾਨ ਦੇ ਮੂਲ ਤੱਤਾਂ ਦੀ ਉਲੰਘਣਾ ਦੇ ਤੁਲ ਹੈ। ਇਸ ਕਿਸਮ ਦਾ ਵਰਤਾਰਾ ਦੇਸ਼ ਵਿਚ ਹਫ਼ੜਾ-ਤਫੜੀ ਦਾ ਮਾਹੌਲ ਪੈਦਾ ਕਰੇਗਾ।

ਅਸਲ 'ਚ ਦੇਸ਼ ਦਾ ਹਾਕਮ ਲੋਕਾਂ ਦੀਆਂ ਮੁਢਲੀਆਂ ਲੋੜਾਂ, ਸਮੱਸਿਆਵਾਂ ਤੋਂ ਆਮ ਲੋਕਾਂ ਦਾ ਧਿਆਨ ਪਾਸੇ ਹਟਾ ਕੇ, ਫ਼ਿਰਕੂ ਵੰਡ ਨਾਲ ਫ਼ਿਰਕੂ ਤੇੜਾਂ ਪਾਉਂਦਾ ਹੈ ਅਤੇ ਆਪਣੀ ਗੱਦੀ ਪੱਕੀ ਕਰਨ ਦਾ ਰਸਤਾ ਪੱਧਰਾ ਕਰਦਾ ਹੈ। ਕਾਂਗਰਸ ਨੇ ਵੀ ਆਪਣੇ ਰਾਜ-ਭਾਗ 'ਚ ਇਹੋ ਕੀਤਾ ਅਤੇ ਭਾਜਪਾ ਨੇ ਤਾਂ ਪਿਛਲੇ 8 ਸਾਲ ਦੇ ਰਾਜ-ਕਾਲ 'ਚ ਇਸ ਬਿਰਤੀ ਨੂੰ ਖੁੱਲ੍ਹੇਆਮ ਹਵਾ ਦਿੱਤੀ ਹੈ ਅਤੇ ਆਪਣੇ ਪੱਖ 'ਚ ਵਰਤਿਆ ਹੈ।

ਭਾਰਤ ਦੀਆਂ ਲਗਭਗ ਸਾਰੀਆਂ ਅੰਗਰੇਜ਼ੀ ਅਖ਼ਬਾਰਾਂ ਜਿਨ੍ਹਾਂ ਵਿਚ 'ਦਿ ਟੈਲੀਗ੍ਰਾਫ', 'ਇੰਡੀਅਨ ਐਕਸਪ੍ਰੈਸ', 'ਦਿ ਹਿੰਦੂ, 'ਟਾਈਮਜ਼ ਆਫ ਇੰਡੀਆ', 'ਦਿ ਵਾਇਰ', 'ਦਿ ਟ੍ਰਿਬਿਊਨ' ਆਦਿ ਨੇ ਭਾਰਤ 'ਚ ਮਨੁੱਖੀ ਅਧਿਕਾਰਾਂ ਦੇ ਹਨਨ ਸਬੰਧੀ ਸੰਪਾਦਕੀ ਛਾਪੇ ਹਨ ਅਤੇ ਫ਼ਿਰਕੂ ਨਫ਼ਰਤ ਸ਼ਬਦੀ ਹਮਲਿਆਂ ਦਾ ਵਰਣਨ ਕਰਦਿਆਂ ਇਸਨੂੰ ਮੰਦਭਾਗਾ ਕਰਾਰ ਦਿੱਤਾ ਹੈ। ਉਨ੍ਹਾਂ ਨੇ ਇਸ ਗੱਲ 'ਤੇ ਵੀ ਚਿੰਤਾ ਕੀਤੀ ਹੈ ਕਿ ਮੌਜੂਦਾ ਸਰਕਾਰ ਉਨ੍ਹਾਂ ਲੋਕਾਂ ਨੂੰ ਸਿਆਸੀ ਸ਼ਹਿ ਦੇ ਰਹੀ ਹੈ, ਜਿਹੜੇ ਨਫ਼ਰਤੀ ਫ਼ਿਰਕੂ ਪਾੜਾ ਵਧਾ ਰਹੇ ਹਨ।

ਭਾਰਤੀ ਸੰਸਕ੍ਰਿਤੀ ਦੀ ਪਛਾਣ ਜਵਾਹਰ ਲਾਲ ਨਹਿਰੂ ਯੂਨੀਵਰਸਿਟੀ ਵਿਚ ਭਾਜਪਾ ਦੀ ਵਿਦਿਆਰਥੀ ਜਥੇਬੰਦੀ ਏ.ਬੀ.ਵੀ.ਪੀ. ਵਲੋਂ ਹਿੰਦੂ ਤਿਉਹਾਰ ਰਾਮ ਨੌਮੀ ਦੇ ਮੌਕੇ ਹੋਸਟਲ ਵਿਚ ਗੈਰ-ਸ਼ਾਕਾਹਾਰੀ ਭੋਜਨ ਪਕਾਉਣ ਵਿਰੁੱਧ ਰੋਸ ਕੀਤਾ ਅਤੇ ਫਿਰ ਪੁਲਿਸ ਦੇ ਇਸ ਸਬੰਧੀ ਦਖ਼ਲ ਨੇ ਤਾਂ ਕਈ ਸਵਾਲ ਖੜ੍ਹੇ ਕਰ ਦਿੱਤੇ ਹਨ। ਇਹੋ ਜਿਹੀਆਂ ਸਿੱਖਿਆ ਸੰਸਥਾਵਾਂ ਵਿਚ ਫ਼ਿਰਕੂ, ਸੰਪ੍ਰਦਾਇਕ ਵੰਡ ਦਾ ਪ੍ਰਚਾਰ ਬਹੁਤ ਹੀ ਦੁਖਦਾਈ ਹੈ।

---

# ਜਥੇਦਾਰ ਜੀ, ਪਹਿਲਾਂ 'ਉਹ ਗੱਲ' ਕਰੋ!

ਪਤਾ ਨਹੀਂ ਕਿਹੜੀ ਭਾਵਨਾ ਕਰਕੇ ਮੇਰੇ ਇਕ ਦੋਸਤ ਨੇ ਵ੍ਹਟਸਐਪ 'ਤੇ ਮੈਨੂੰ ਗਿਆਨੀ ਹਰਪ੍ਰੀਤ ਸਿੰਘ ਜਥੇਦਾਰ ਸ੍ਰੀ ਅਕਾਲ ਤਖਤ ਸਾਹਿਬ ਦੀ ਨਾਰੀਅਲ-ਪਾਣੀ ਪੀਂਦਿਆਂ ਦੀ ਇਹ ਫੋਟੋ ਭੇਜੀ ਹੋਵੇਗੀ। ਮੋੜਵੇਂ ਜਵਾਬ ਵਜੋਂ ਉਸ ਦੋਸਤ ਨੂੰ ਤਾਂ ਮੈਂ ਇਹ ਲਿਖ ਕੇ ਭੇਜ ਦਿੱਤਾ ਕਿ ਨਾਰੀਅਲ ਪਾਣੀ ਪੀਣਾ ਤਾਂ ਮੈਂ ਵੀ ਬਹੁਤ ਪਸੰਦ ਕਰਦਾ ਹਾਂ। ਪਰ ਮਗਰੋਂ ਇਸ ਫੋਟੋ ਵੱਲ ਸਰਸਰੀ ਨਜ਼ਰ ਮਾਰਦਿਆਂ ਮੇਰੇ ਜ਼ਿਹਨ ਵਿਚ ਕਈ ਕੁਝ ਘੁੰਮਣ ਲੱਗ ਪਿਆ। ਜਿਵੇਂ ਮਾਪਿਆਂ ਪਾਸੋਂ ਸੁਣੀ ਹੋਈ ਆਪਣੇ ਬਚਪਨੇ ਦੀ ਇਕ ਭੋਲ਼ੀ ਜਿਹੀ ਜ਼ਿਦ ਅਤੇ ਮਾਂ ਵਲੋਂ ਮੇਰੀ ਉਹ ਜ਼ਿੱਦ ਭੁਲਾਉਣ ਵਜੋਂ ਹੋਰ ਗੱਲਾਂ ਕਰ ਕੇ ਮੈਨੂੰ ਵਰਚਾਉਣ ਵਾਲ਼ੀ



ਤਰਲੋਚਨ ਸਿੰਘ 'ਦੁਪਾਲਪੁਰ'
ਫੋਨ: 001-408-915-1268

ਵਾਰਤਾ। ਇਸ ਬਾਲ਼ੀ-ਭੋਲ਼ੀ ਵਾਰਤਾ ਦੀ 'ਕਿਸਮ' ਨਾਲ਼ ਮਿਲ਼ਦੀਆਂ ਜੁਲਦੀਆਂ ਜਥੇਦਾਰ ਅਕਾਲ ਤਖਤ ਸਾਹਿਬ ਦੀਆਂ ਵਰਤਮਾਨ ਜ਼ੋਰਦਾਰ ਸਰਗਰਮੀਆਂ ਅਤੇ ਅਜੋਕੀ ਸਿੱਖ ਸਿਆਸਤ ਦਾ ਬੁਰੀ ਤਰ੍ਹਾਂ ਉਲ਼ਝਿਆ ਹੋਇਆ ਤਾਣਾ-ਬਾਣਾ! ਇਸ ਸਾਰੇ ਕੁਝ ਦੀ ਮੇਰੇ ਮਨ ਮਸਤਕ ਵਿਚ ਜ਼ੋਰਦਾਰ ਗੁਣਾ-ਘਟਾਓ-ਤਕਸੀਮ ਹੋਣ ਲੱਗ ਪਈ।

ਪਹਿਲਾਂ ਮੇਰੇ ਬਚਪਨ ਦੀ ਜ਼ਿੱਦੀ ਚਲਾਕੀ ਸੁਣ ਲਓ-ਬੀਬੀ ਦੱਸਦੀ ਹੁੰਦੀ ਸੀ ਕਿ ਰਿੜ੍ਹਨ ਤੋਂ ਬਾਅਦ ਮੈਂ ਤੁਰਨ ਵੀ ਲੱਗ ਪਿਆ ਅਤੇ ਅੱਧੀ-ਪੌਣੀ ਰੋਟੀ ਵੀ ਖਾਣੀ ਸ਼ੁਰੂ ਕਰ ਦਿੱਤੀ ਪਰ ਮੈਂ ਮਾਂ ਦਾ ਦੁੱਧ ਚੁੰਘਣੋਂ ਨਹੀਂ ਸਾਂ ਹਟਦਾ! ਕਹਿੰਦੇ ਜਦੋਂ ਵੀ ਮੈਂ ਬੀਬੀ ਦੇ ਕੁੱਛੜ ਜਾਣ ਨੂੰ ਭੱਜਣਾ ਤਾਂ ਬੀਬੀ ਨੇ ਉਦੇ ਈ ਸਾਡੇ ਵਿਹੜੇ 'ਚ ਖੜ੍ਹੀ ਨਿੰਮ ਉੱਤੇ ਬੈਠੇ ਜਨੌਰਾਂ ਵੱਲ ਇਸ਼ਾਰੇ ਕਰ ਕਰ ਕਹਿਣਾ, 'ਔਹ ਦੇਖ ਪੁੱਤ ਕਿੰਨੇ ਸੋਹਣੇ ਤੋਤੇ...ਉਹ ਦੇਖ ਇਕ ਮੋਰ ਵੀ ਆ ਗਿਆ... ਹੋਰ ਦੇਖ ਪੁੱਤ ਚਿੜੀਆਂ ਕਿੱਦਾਂ ਚੀਂ...ਚੀਂ ਕਰਦੀਆਂ ਹਨਾਂ?' ਮੈਂ ਜ਼ਰਾ ਦੀ ਜ਼ਰਾ ਨਿੰਮ ਵੱਲ ਦੇਖਣ ਤੋਂ ਬਾਅਦ ਫਿਰ 'ਦੁਧੂ..ਦੁੱਧੂ' ਕਰਨ ਲੱਗ ਪੈਣਾ। ਫਿਰ ਬੀਬੀ ਨੇ ਘਰੇ ਘੁੰਮਦੀ ਬਿੱਲੀ ਵੱਲ ਇਸ਼ਾਰਾ ਕਰ ਕੇ ਮੇਰਾ 'ਦੁੱਧੂ' ਵਲੋਂ ਧਿਆਨ ਹਟਾਉਣ ਲਈ ਨਵੀਂ 'ਜੁਗਤਿ' ਵਰਤਦਿਆਂ ਆਖਣਾ-'ਲੈ, ਆਹ ਮਾਣੋ ਬਿੱਲੀ ਆ ਗਈ...ਕਹਿੰਦੀ ਆ... ਕਾਕੇ ਦੀ ਰੋਟੀ ਮੈਨੂੰ ਦੇ ਦਿਓ... ਮੈਨੂੰ ਭੁੱਖ ਲੱਗੀ ਆ! ... ਦੌੜ ਜਾਹ ਬਿੱਲੀਏ, ਰੋਟੀ ਤਾਂ ਸਾਡੇ ਕਾਕੇ ਨੇ ਖਾਣੀ ਆਂ, ਪਤਾ ?' ਬੀਬੀ ਹੱਸ ਹੱਸ ਕੇ ਦੱਸਦੀ ਹੁੰਦੀ ਸੀ ਕਿ ਮੈਂ ਪਲ ਦੀ ਪਲ ਬਿੱਲੀ ਵੱਲ ਗੌਰ ਨਾਲ਼ ਦੇਖਣ ਮਗਰੋਂ ਬੀਬੀ ਦੀ ਏਸ ਜੁਗਤਿ ਉੱਤੇ ਵੀ ਪਾਣੀ ਫੇਰਦਿਆਂ ਉਹੀ ਰਟ ਲਾ ਦੇਣੀ, 'ਮੈਂਅ ਨੀਂ... ਮੈਂਅ ਨੀਂ, ਪਹਿਲਾਂ ਮੇਲੇ ਨਾਲ 'ਦੁੱਧੂ ਦੀ ਗੱਲ' ਕਰ ਤੂੰ!'



ਬਾ-ਐਨੁ ਇਹੋ ਕੁਝ ਹੋ ਰਿਹਾ ਹੈ ਪੰਜਾਬ ਦੀ ਸਿੱਖ ਸਿਆਸਤ ਵਿਚ! ਜਦੋਂ ਤੋਂ ਪੰਜਾਬ ਦੀਆਂ ਵਿਧਾਨ ਸਭਾਈ ਚੋਣਾਂ ਵਿਚ ਸ਼੍ਰੋਮਣੀ ਅਕਾਲੀ ਦਲ ਤੋਂ ਬਣਾ ਦਿੱਤੇ ਗਏ 'ਬਾਦਲ ਦਲ' ਨੂੰ ਸਮੁੱਚੇ ਵੋਟਰਾਂ ਨੇ ਨਕਾਰ ਤੇ ਦੁਰਕਾਰ ਦਿੱਤਾ ਹੈ, ਉਦੋਂ ਤੋਂ ਹੀ ਬਾਦਲ ਦਲ ਦੀ ਕਮਾਂਡ ਕਰਨ ਵਾਲ਼ੇ ਆਗੂ, ਸ੍ਰੀ ਅਕਾਲ ਤਖਤ ਸਾਹਿਬ ਦੇ ਜਥੇਦਾਰ ਦੀ ਪਦਵੀ ਰਾਹੀਂ ਆਪਣੇ ਬੁਰ੍ਹੀ ਤਰਾਂ ਉੱਖੜੇ ਹੋਏ ਪੈਰ ਮੁੜ ਜਮਾਉਣ ਲਈ ਤਰਲੋਮੱਛੀ ਹੋ ਰਹੇ ਹਨ। ਬਾਦਲ ਦਲ ਦੇ ਸਮਰਥਕਾਂ ਤੋਂ ਇਲਾਵਾ ਸਾਰਾ ਸਿੱਖ ਜਗਤ ਤਾਂ ਸ੍ਰੀ ਅਕਾਲ ਤਖਤ ਸਾਹਿਬ ਦੀ ਸਰਬੋਤਮਤਾ ਮੁਤਾਬਿਕ ਜਥੇਦਾਰ ਸਾਹਿਬ ਤੋਂ ਵਾਰ ਵਾਰ ਮੰਗ ਕਰ ਰਿਹਾ ਹੈ ਕਿ ਸਿੰਘ ਸਾਹਿਬ ਜੀ, ਬਰਗਾੜੀ ਦੇ ਬੇਅਦਬੀ ਕਾਂਡ ਦੇ ਵੱਡੇ ਕਾਰਨ ਬਣੇ ਸੌਦੇ ਸਾਧ ਨੂੰ ਸ੍ਰੀ ਅਕਾਲ ਤਖਤ ਵਲੋਂ ਮੁਆਫੀਨਾਮਾ ਦੇਣ, ਮੁਆਫੀਨਾਮੇ ਨੂੰ 'ਹੁਕਮਨਾਮੇ' ਵਜੋਂ ਪ੍ਰਚਾਰਨ ਲਈ ਗੁਰੂ ਕੀ ਗੋਲਕ ਵਿਚੋਂ ਨੱਬੇ ਲੱਖ ਰੁਪਏ ਅਖਬਾਰੀ ਇਸ਼ਤਿਹਾਰਬਾਜ਼ੀ 'ਤੇ ਖਰਚਣ ਫਿਰ ਉਸ ਮੁਆਫੀਨਾਮੇ ਨੂੰ ਰੱਦ ਕਰਨ/ਕਰਾਉਣ ਵਾਲ਼ੇ ਸਾਬਕਾ ਜਥੇਦਾਰ ਅਤੇ ਤਤਕਾਲੀ ਮੁੱਖ ਮੰਤਰੀ ਅਤੇ ਉਪ ਮੁੱਖ ਮੰਤਰੀ 'ਸੁੱਖ ਨਾਲ' ਸਾਰੇ ਜੀਵਿਤ ਹਨ, ਉਨ੍ਹਾਂ ਸਾਰਿਆਂ ਨੂੰ ਤਖਤ ਸਾਹਿਬ ਵਿਖੇ ਤਲਬ ਕਰ ਕੇ ਦੁੱਧ ਦਾ ਦੁੱਧ ਤੇ ਪਾਣੀ ਦਾ ਪਾਣੀ ਨਿਤਾਰ ਦਿੱਤਾ ਜਾਵੇ! ਇਹਦੇ ਨਾਲ ਹੀ ਦੁਖੀ ਹਿਰਦਿਆਂ ਨਾਲ ਸਿੱਖ ਸੰਗਤ ਅਤੇ ਦੁਨੀਆਂ ਭਰ ਦੀਆਂ ਧਾਰਮਿਕ ਜਥੇਬੰਦੀਆਂ ਜਥੇਦਾਰ ਜੀ ਪਾਸੋਂ ਮੰਗ ਕਰਦੀਆਂ ਹਨ ਕਿ ਉਹ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਗੁੰਮ ਹੋਏ ਤਿੰਨ ਸੌ ਅਠਾਈ ਸਰੂਪਾਂ ਦੇ ਗੁਨਾਹਗਾਰਾਂ ਨੂੰ ਨੰਗਿਆਂ ਕਰਨ ਪਰ ਜਥੇਦਾਰ ਸਾਹਿਬ ਜੀ ਬਿਲਕੁਲ ਮੇਰੀ ਮਾਂ ਵਾਂਗ ਸਿੱਖ ਸੰਗਤ ਨੂੰ ਹੋਰ ਦੀਆਂ ਹੋਰ ਗੱਲਾਂ ਕਰ ਕਰ ਕੇ ਟਰਕਾਈ ਜਾ ਰਹੇ ਹਨ! ਕਦੇ ਕਹਿੰਦੇ ਨੇ ਕਿ ਸਿੱਖ, ਸ਼੍ਰੋਮਣੀ ਕਮੇਟੀ ਦੀ ਹਿਫਾਜ਼ਤ ਲਈ ਡਾਂਗਾਂ ਸੋਟੇ ਲੈ ਕੇ ਆ ਜਾਣ...ਕਦੇ ਕਹਿੰਦੇ ਨੇ ਕਿ ਬਾਦਲ ਦਲ ਨੂੰ ਹਰਾ ਕੇ ਪੰਜਾਬ ਨੇ ਬਹੁਤ 'ਬਦਤਮੀਜ਼ੀ' ਕੀਤੀ ਹੈ! ਕਦੇ ਉਹ ਹਥਿਆਰਬੰਦ ਹੋਣ ਦੀਆਂ ਅਪੀਲਾਂ ਕਰਦੇ ਹਨ...ਕਦੇ ਪੰਜਾਬ ਦੇ ਮੌਜੂਦਾ ਹਾਲਾਤ ਲਈ ਭਾਜਪਾਈ ਆਗੂਆਂ ਦੀ ਤਰਜ਼ 'ਤੇ ਜਵਾਹਰ ਲਾਲ ਨਹਿਰੂ ਨੂੰ ਦੋਸ਼ੀ ਠਹਿਰਾਉਂਦੇ ਨੇ। ਇੰਜ ਹੀ ਕਦੇ ਉਹ ਕੌਮ ਨੂੰ ਏਕਤਾ ਕਰਨ ਲਈ ਅਪੀਲਾਂ ਕਰਦੇ ਹਨ, ਜਿਸਦਾ ਸਿੱਧ-ਅਸਿੱਧਾ ਅਰਥ ਇਹੋ ਹੁੰਦਾ ਹੈ ਕਿ ਪੰਜਾਬ ਦੇ ਸਾਰੇ ਸਿੱਖ, ਬਾਦਲ ਪਰਿਵਾਰ ਦੀ ਅਧੀਨਗੀ ਸਵੀਕਾਰ ਕਰ ਲੈਣ। ਬਸ,ਹੋ ਗਈ 'ਪੰਥਕ ਏਕਤਾ'!

ਜਥੇਦਾਰ ਸਾਹਿਬ ਨੂੰ ਅਜਿਹਾ ਕੁੱਝ ਕਹਿਣ ਫਰਮਾਉਣ ਦਾ ਬੇਸ਼ੱਕ ਪੂਰਾ ਹੱਕ ਹੈ ਪਰ ਕੌਮ ਦੇ ਤਰਜ਼ਮਾਨ ਹੋਣ ਵਜੋਂ ਉਨ੍ਹਾਂ ਨੂੰ ਸਿੱਖ ਭਾਵਨਾਵਾਂ ਸਮਝਣ ਤੇ ਸਿੱਖ-ਸਵਾਲਾਂ ਦੇ ਸਨਮੁੱਖ ਹੋ ਕੇ ਉਨ੍ਹਾਂ ਦਾ ਸਮਾਧਾਨ ਕਰਨਾ ਵੀ ਪ੍ਰਥਮ ਫਰਜ਼ ਬਣਦਾ ਹੈ। ਜਦ ਤਕ ਉਹ ਅਜਿਹਾ ਨਹੀਂ ਕਰਦੇ ਤਦ ਤਕ ਸਿੱਖਾਂ ਦਾ ਵੀ ਪੂਰਾ ਹੱਕ ਹੈ ਕਿ ਉਹ ਜਥੇਦਾਰ ਜੀ ਦੀਆਂ ਸਿਆਸੀ ਸਰਗਰਮੀਆਂ-ਅਪੀਲਾਂ, ਸਿੱਖ ਜਗਤ ਨੂੰ 'ਤੋਤੇ ਮੋਰ ਤੇ ਬਿੱਲੀਆਂ ਦਿਖਾਉਣ' ਵਾਂਗ ਹੀ ਸਮਝਣ ਅਤੇ ਮੇਰੇ ਬਚਪਨੇ ਦੀ ਮਿਸਾਲ ਵਾਂਗ ਜਦ ਵੀ ਉਹ ਸਿੱਖ ਮੰਗਾਂ ਨੂੰ ਅਣਗੌਲ਼ਿਆ ਕਰਨ ਲਈ 'ਔਹ ਦੇਖੋ...ਔਹ ਦੇਖੋ' ਕਹਿਣ ਤਾਂ ਡਟ ਕੇ ਜਵਾਬ ਦੇਈਏ ਕਿ ਜਥੇਦਾਰ ਜੀ, ਪਹਿਲਾਂ 'ਉਹ ਗੱਲ' ਕਰੋ...ਬਾਕੀ ਬਾਅਦ ਵਿਚ ਦੇਖਾਂਗੇ!

# ਐਸੀ ਬਾਣੀ ਬੋਲੀਏ, ਮਨ ਕਾ ਆਪਾ ਖੋਏ

ਦੇਸ਼ 'ਚ ਮੀਡੀਆ ਦਾ ਮਿਆਰ ਪਿਛਲੇ ਲਗਭਗ ਅੱਠ-ਦਸ ਸਾਲਾਂ ਤੋਂ ਲਗਾਤਾਰ ਡਿੱਗਦਾ ਜਾ ਰਿਹਾ ਹੈ, ਜਿਸ ਦੀ ਊਲ ਜਲੂਲ ਰਿਪੋਰਟਿੰਗ ਦੇ ਚਲਦਿਆਂ ਦੇਸ਼ ਨੂੰ ਕਈ ਵਾਰ ਅੰਤਰਰਾਸ਼ਟਰੀ ਪੱਧਰ 'ਤੇ ਨਮੋਸ਼ੀ ਝੱਲਣੀ ਪੈਂਦੀ ਹੈ। ਜਿਵੇਂ ਕਿ ਅਸੀਂ ਪਿਛਲੇ ਲਗਭਗ ਇਕ ਦਹਾਕੇ ਤੋਂ ਵੇਖਦੇ ਆ ਰਹੇ ਹਾਂ ਕਿ ਦੇਸ਼ ਦੇ ਵਧੇਰੇ ਨਿਊਜ਼ ਚੈਨਲ ਸਾਰਥਕ ਖ਼ਬਰਾਂ ਦੀ ਥਾਂ ਆਪਣੀਆਂ ਫਜ਼ੂਲ ਕਿਸਮ ਦੀਆਂ ਡਿਬੇਟਸ ਰਾਹੀਂ ਇੱਕ ਵਿਸ਼ੇਸ਼ ਧਰਮ ਦੇ ਲੋਕਾਂ ਖ਼ਿਲਾਫ਼ ਬਹੁਗਿਣਤੀ ਦੇ ਦਿਲਾਂ ਵਿਚ ਨਫਰਤ ਭਰਦੇ ਆ ਰਹੇ ਹਨ। ਦਰਅਸਲ ਉਕਤ ਚੈਨਲਾਂ ਦੁਆਰਾ ਦੇਸ਼ ਦੇ ਲੋਕਾਂ ਦਾ ਅਸਲ ਮੁੱਦਿਆਂ ਤੋਂ ਧਿਆਨ ਹਟਾਉਣ ਲਈ ਜਾਣ-ਬੁੱਝ ਕੇ ਧਾਰਮਿਕ ਕਿਸਮ ਦੀਆਂ ਬਹਿਸਾਂ ਕਰਵਾਈਆਂ ਜਾਂਦੀਆਂ ਹਨ।



**ਮੁਹੰਮਦ ਅੱਬਾਸ ਧਾਲੀਵਾਲ**
**ਫੋਨ: 98552-59650**

ਇਨ੍ਹਾਂ ਬਹਿਸਾਂ ਦੌਰਾਨ ਵੱਖ ਵੱਖ ਬੁਲਾਰਿਆਂ ਦੁਆਰਾ ਜਿਸ ਤਰ੍ਹਾਂ ਦੀ ਬਾਜ਼ਾਰੀ ਭਾਸ਼ਾ ਦੀ ਵਰਤੋਂ ਕੀਤੀ ਜਾਂਦੀ ਹੈ ਉਸ ਨੂੰ ਕੋਈ ਸਭਿਅਕ ਸਮਾਜ ਜਾਂ ਦੇਸ਼ ਹਰਗਿਜ਼ ਪਸੰਦ ਨਹੀਂ ਕਰੇਗਾ। ਇਨ੍ਹਾਂ ਬਹਿਸਾਂ ਦੌਰਾਨ ਕੁੱਕੜਾਂ ਵਾਂਗ ਲੜਦੇ ਬੁਲਾਰੇ ਤੇ ਐਂਕਰ ਆਮ ਵੇਖੇ ਜਾ ਸਕਦੇ ਹਨ। ਦਰਅਸਲ ਜਦੋਂ ਇਨਸਾਨ ਨਫਰਤ ਦੀ ਅੱਗ ਵਿਚਕਾਰ ਘਿਰ ਜਾਂਦਾ ਹੈ ਤਾਂ ਉਸ ਦੀ ਸਮਝ, ਬੂਝ 'ਤੇ ਜਹਾਲਤ ਦਾ ਧੂੰਆਂ ਛਾ ਜਾਂਦਾ ਹੈ ਜਿਸ ਦੇ ਚਲਦਿਆਂ ਉਹ ਚੰਗੇ-ਬੁਰੇ ਵਿਚਕਾਰ ਫਰਕ ਕਰਨੋਂ ਅਸਮਰੱਥ ਹੋ ਜਾਂਦਾ ਹੈ।

ਜਿਵੇਂ ਕਿ ਅਸੀਂ ਵੇਖਿਆ ਕਿ ਪਿਛਲੇ ਦਿਨੀਂ ਵਾਰਾਨਸੀ ਦੀ ਗਿਆਨਵਾਪੀ ਮਸਜਿਦ ਦੇ ਮਸਲੇ ਨੂੰ ਗੋਦੀ ਮੀਡੀਆ ਨੇ ਜਾਣਬੁੱਝ ਕੇ ਉਛਾਲਿਆ ਤੇ ਵੱਖ ਵੱਖ ਚੈਨਲਾਂ ਵਲੋਂ ਇਸ ਮਾਮਲੇ 'ਤੇ ਬਹਿਸਾਂ ਕਰਵਾ ਕੇ ਆਮ ਦਰਸ਼ਕਾਂ ਦਾ ਦਿਮਾਗੀ ਸੋਸ਼ਣ ਕੀਤਾ ਗਿਆ।

ਅਜਿਹੇ ਹੀ ਇਕ ਪ੍ਰੋਗਰਾਮ ਦੌਰਾਨ ਭਾਜਪਾ ਦੀ ਕੌਮੀ ਪ੍ਰਵਕਤਾ ਨੂਪੁਰ ਸ਼ਰਮਾ ਨੇ ਇਕ ਟੈਲੀਵਿਜ਼ਨ ਸ਼ੋਅ 'ਚ ਪੈਗੰਬਰ ਮੁਹੰਮਦ (ਸ) ਅਤੇ ਉਨ੍ਹਾਂ ਦੀ ਪਤਨੀ ਬਾਰੇ ਵਿਵਾਦਤ ਟਿੱਪਣੀਆਂ ਕੀਤੀਆਂ। ਸੋਸ਼ਲ ਮੀਡੀਆ ਦੇ ਇਸ ਯੁੱਗ ਵਿਚ ਉਕਤ ਟਿੱਪਣੀਆਂ ਅਰਬ ਦੇਸ਼ਾਂ ਵਿਚ ਪਹੁੰਚ ਗਈਆਂ ਤੇ ਵੇਖਦੇ ਹੀ ਵੇਖਦੇ ਜੰਗਲ ਦੀ ਅੱਗ ਵਾਂਗ ਆਮ ਲੋਕਾਂ ਵਿਚ ਫੈਲ ਗਈਆਂ, ਨਤੀਜੇ ਵਜੋਂ ਖਾੜੀ ਦੇਸ਼ਾਂ ਵਿਚ ਇਸ ਦਾ ਤਿੱਖਾ ਵਿਰੋਧ ਹੋਇਆ ਤੇ ਉਥੇ ਭਾਰਤੀ ਸਾਮਾਨ ਦੇ ਬਾਈਕਾਟ ਕਰਨ ਦੀਆਂ ਮੁਹਿੰਮਾਂ ਚੱਲੀਆਂ। ਇੰਨਾ ਹੀ ਨਹੀਂ ਇਸ ਦੌਰਾਨ ਖਾੜੀ ਦੇਸ਼ਾਂ ਜਿਵੇਂ ਕਤਰ, ਕੁਵੈਤ, ਸਾਊਦੀ ਅਰਬ, ਈਰਾਨ, ਇਰਾਕ, ਅਫਗਾਨਿਸਤਾਨ ਤੇ ਬਹਿਰੀਨ ਆਦਿ 'ਚੋਂ ਕੁਝ ਦੇਸ਼ਾਂ ਨੇ ਤਾਂ ਭਾਰਤੀ ਰਾਜਦੂਤਾਂ ਨੂੰ ਬੁਲਾ ਕੇ ਆਪਣਾ ਸਖਤ ਵਿਰੋਧ ਦਰਜ ਕਰਵਾਇਆ।

ਖਾੜੀ ਦੇਸ਼ਾਂ ਵਿਚ ਹੋ ਰਹੇ ਇਸ ਵਿਰੋਧ ਪ੍ਰਦਰਸ਼ਨ ਦੇ ਚਲਦਿਆਂ ਭਾਰਤੀ ਜਨਤਾ ਪਾਰਟੀ ਨੇ ਨੂਪੁਰ ਸ਼ਰਮਾ ਤੇ ਭਾਜਪਾ ਦੇ ਦਿੱਲੀ ਇਕਾਈ ਦੇ ਇਕ ਹੋਰ ਆਗੂ ਨਵੀਨ ਕੁਮਾਰ ਜਿੰਦਲ ਨੂੰ ਪਾਰਟੀ ਦੀ ਮੁੱਢਲੀ ਮੈਂਬਰਸ਼ਿਪ ਤੋਂ ਸਸਪੈਂਡ ਕਰ ਦਿੱਤਾ।

ਉਧਰ, ਕਤਰ ਦੇ ਵਿਦੇਸ਼ ਮੰਤਰਾਲੇ ਨੇ ਨਾਰਾਜ਼ਗੀ ਜਤਾਉਂਦਿਆਂ ਦੋਹਾ ਵਿਚ ਭਾਰਤੀ ਰਾਜਦੂਤ ਦੀਪਕ ਮਿੱਤਲ ਨੂੰ ਤਲਬ ਕੀਤਾ ਅਤੇ ਉਨ੍ਹਾਂ ਨੂੰ ਕਤਰ ਦੀ ਇਸ ਬਾਰੇ ਪ੍ਰਤੀਕਿਰਿਆ ਦਾ ਅਧਿਕਾਰਤ ਨੋਟ ਸੌਂਪਿਆ। ਕਤਰ ਦੇ ਵਿਦੇਸ਼ ਮੰਤਰਾਲੇ ਵਲੋਂ ਜਾਰੀ ਬਿਆਨ ਵਿਚ ਭਾਰਤ ਦੀ ਸੱਤਾਧਾਰੀ ਪਾਰਟੀ ਦੇ ਆਗੂ ਦੇ ਵਿਵਾਦਪੂਰਨ ਬਿਆਨ ਉਪਰ ਸਖ਼ਤ ਇਤਰਾਜ਼ ਜਤਾਇਆ ਗਿਆ ਹੈ ਤੇ ਭਾਰਤੀ ਰਾਜਦੂਤ ਨੂੰ ਆਖਿਆ ਕਿ 'ਅਜਿਹੀਆਂ ਇਸਲਾਮ ਵਿਰੋਧੀ ਟਿੱਪਣੀਆਂ ਦਾ ਹੋਣਾ ਅਤੇ ਉਸ ਸਬੰਧੀ ਕੋਈ ਸਖ਼ਤ ਕਾਰਵਾਈ ਨਾ ਕਰਨਾ ਦੇਸ਼ ਵਿਚ ਮਨੁੱਖੀ ਅਧਿਕਾਰਾਂ ਨੂੰ ਖ਼ਤਰਾ ਹੈ।' ਇਸ ਦੇ ਨਾਲ ਹੀ ਕਤਰ ਨੇ ਆਖਿਆ ਕਿ ਇਹ ਹਿੰਸਾ ਅਤੇ ਨਫ਼ਰਤ ਨੂੰ ਵਧਾ ਸਕਦਾ ਹੈ।

ਇਸ ਦੇ ਨਾਲ ਹੀ ਕੁਵੈਤ ਨੇ ਵੀ ਭਾਰਤ ਤੋਂ ਇਨ੍ਹਾਂ ਟਿੱਪਣੀਆਂ ਲਈ ਮੁਆਫ਼ੀ ਦੀ ਮੰਗ ਕੀਤੀ ਹੈ। ਕੁਵੈਤ ਵੱਲੋਂ ਆਖਿਆ ਗਿਆ ਕਿ ਅਜਿਹੇ ਬਿਆਨ ਨਫ਼ਰਤ ਨੂੰ ਵਧਾਉਂਦੇ ਹਨ।

ਇਸ ਦੇ ਨਾਲ ਹੀ ਇਰਾਨ ਦੇ ਚੈਨਲ ਈਰਾਨ ਇੰਟਰਨੈਸ਼ਨਲ ਇੰਗਲਿਸ਼ ਵਲੋਂ ਸਾਂਝੀ ਕੀਤੀ ਜਾਣਕਾਰੀ ਮੁਤਾਬਕ ਈਰਾਨ ਦੇ ਵਿਦੇਸ਼ ਮੰਤਰਾਲੇ ਨੇ ਭਾਰਤ ਦੇ ਰਾਜਦੂਤ ਨੂੰ ਤਲਬ ਕੀਤਾ ਹੈ। ਤਹਿਰਾਨ ਵਿਖੇ ਭਾਰਤੀ ਰਾਜਦੂਤ ਨੂੰ ਆਖਿਆ ਗਿਆ ਕਿ ਇਹ ਟਿੱਪਣੀਆਂ ਹਜ਼ਰਤ ਮੁਹੰਮਦ ਦੀ ਬੇਇੱਜ਼ਤੀ ਹਨ।

ਖਾੜੀ ਦੇਸ਼ਾਂ ਵਿਚ ਵਿਰੋਧ ਹੁੰਦਾ ਵੇਖ ਭਾਰਤੀ ਜਨਤਾ ਪਾਰਟੀ ਨੇ ਆਪਣੀ ਬੁਲਾਰਨ ਨੂਪੁਰ ਸ਼ਰਮਾ ਨੂੰ ਪਾਰਟੀ ਦੀ ਮੁੱਢਲੀ ਮੈਂਬਰਸ਼ਿਪ ਤੋਂ ਸਸਪੈਂਡ ਕਰ ਦਿੱਤਾ ਤੇ ਭਾਰਤ ਵੱਲੋਂ ਆਖਿਆ ਗਿਆ ਹੈ ਕਿ ਇਹ ਵਿਚਾਰ ਭਾਰਤ ਸਰਕਾਰ ਦੇ ਨਹੀਂ ਹਨ ਬਲਕਿ ਕੁਝ ਸ਼ਰਾਰਤੀ ਤੱਤਾਂ ਦੇ ਹਨ। ਭਾਰਤ ਵਲੋਂ ਇਹ ਵੀ ਆਖਿਆ ਗਿਆ ਕਿ ਸੱਤਾਧਾਰੀ ਪਾਰਟੀ ਭਾਜਪਾ ਵਲੋਂ ਇਨ੍ਹਾਂ ਲੋਕਾਂ ਖ਼ਿਲਾਫ਼ ਕਾਰਵਾਈ ਕੀਤੀ ਗਈ ਹੈ।

ਉਧਰ, ਅਰਬ ਦੇਸ਼ਾਂ ਵਿਚ ਨੂਪੁਰ ਸ਼ਰਮਾ ਅਤੇ ਨਵੀਨ ਕੁਮਾਰ ਜਿੰਦਲ ਖ਼ਿਲਾਫ਼ ਅਭਿਆਨ ਦੀ ਸ਼ੁਰੂਆਤ ਓਮਾਨ ਦੇ ਮੁਫ਼ਤੀ ਸ਼ੇਖ ਅਹਿਮਦ ਬਿਨ ਹਮਾਦ ਅਲ ਖਾਲਿਦੀ ਦੀ ਕੀਤੀ ਸੀ। ਉਨ੍ਹਾਂ ਨੇ ਟਵੀਟ ਕਰਦੇ ਹੋਏ ਲਿਖਿਆ ਸੀ ਕਿ ਭਾਰਤ ਦੀ ਸੱਤਾਧਾਰੀ ਪਾਰਟੀ ਦੀ ਆਗੂ ਵੱਲੋਂ ਇਸਲਾਮ ਦੇ ਦੂਤ ਖ਼ਿਲਾਫ ਅਸ਼ਲੀਲ ਟਿੱਪਣੀ ਕੀਤੀ ਗਈ ਹੈ। ਉਨ੍ਹਾਂ ਨੇ ਸਾਰੇ ਇਸਲਾਮਿਕ ਦੇਸ਼ਾਂ ਨੂੰ ਇਸ ਦੇ ਵਿਰੁੱਧ ਇਕੱਠਾ ਹੋਣ ਦੀ ਅਪੀਲ ਕੀਤੀ ਸੀ।

ਉਕਤ ਬਿਆਨ ਤੋਂ ਬਾਅਦ ਮੱਧ ਪੂਰਬ ਦੇ ਦੇਸ਼ ਕਤਰ, ਓਮਾਨ, ਸਾਊਦੀ ਅਰਬ ਅਤੇ ਮਿਸਰ ਵਿਚ ਵੀ ਟਵਿੱਟਰ ਰਾਹੀਂ ਵੱਡੇ ਪੱਧਰ 'ਤੇ ਵਿਰੋਧ ਜਤਾਇਆ ਗਿਆ ਤੇ ਇਸ ਦੇ ਨਾਲ ਹੀ ਭਾਰਤ ਤੋਂ ਆਉਣ ਵਾਲੀਆਂ ਵਸਤੂਆਂ ਦੇ ਬਾਈਕਾਟ ਦੀ ਗੱਲ ਵੀ ਸੋਸ਼ਲ ਮੀਡੀਆ ਉੱਪਰ ਛਾਈ ਰਹੀ।

ਸਾਊਦੀ ਅਰਬ ਦੇ ਵਿਦੇਸ਼ ਮੰਤਰਾਲੇ ਵਲੋਂ ਸਖ਼ਤ ਸ਼ਬਦਾਂ ਵਿਚ ਨੂਪੁਰ ਸ਼ਰਮਾ ਦੇ ਬਿਆਨ ਦੀ ਨਿਖੇਧੀ ਕੀਤੀ ਗਈ ਹੈ। ਮੰਤਰਾਲੇ ਵਲੋਂ ਇਸ ਸੰਬੰਧੀ ਇਕ ਅਧਿਕਾਰਕ ਬਿਆਨ ਵੀ ਜਾਰੀ ਕੀਤਾ ਗਿਆ ਹੈ।

ਮਿਸਰ ਤੇ ਸੰਯੁਕਤ ਅਰਬ ਅਮੀਰਾਤ ਵਿਚ ਭਾਰਤ ਦੇ ਰਾਜਦੂਤ ਰਹੇ ਤੇ ਆਬਜ਼ਰਵਰ ਰਿਸਰਚ ਫਾਊਂਡੇਸ਼ਨ ਦੇ ਖ਼ਾਸ ਫੈਲੋ ਤੇ ਆਪਣੇ



ਦਾਦੇ ਨਾਵਲਕਾਰ ਨਾਨਕ ਸਿੰਘ ਦੇ ਪੰਜਾਬ ਵੰਡ ਬਾਰੇ ਨਾਵਲ 'ਖ਼ੂਨ ਦੇ ਸੋਹਿਲੇ' ਅਤੇ ਜੱਲਿਆਂਵਾਲੇ ਬਾਗ਼ ਬਾਰੇ ਕਾਵਿ-ਪੁਸਤਕ 'ਖ਼ੂਨੀ ਵਿਸਾਖੀ' ਦਾ ਅੰਗਰੇਜ਼ੀ 'ਚ ਅਨੁਵਾਦ ਕਰਨ ਵਾਲੇ ਨਵਦੀਪ ਸੂਰੀ ਹੁਰਾਂ ਨੇ ਉਕਤ ਸੰਦਰਭ ਵਿਚ ਆਪਣੇ ਇਕ ਕਾਲਮ "ਹਵਾ ਬੀਜੋਗੇ ਤਾਂ ਝੱਖੜ ਵੱਢੋਗੇ" ਵਿਚ ਚਿੰਤਾ ਪ੍ਰਗਟ ਕਰਦਿਆਂ ਲਿਖਿਆ ਹੈ:

'ਭਾਜਪਾ ਦੀ ਤਰਜਮਾਨ ਨੂਪੁਰ ਸ਼ਰਮਾ (ਜੋ ਹੁਣ ਮੁਅੱਤਲ ਹੈ) ਅਤੇ ਦਿੱਲੀ ਭਾਜਪਾ ਦੇ ਮੀਡੀਆ ਸੈੱਲ ਦੇ ਮੁਖੀ ਨਵੀਨ ਕੁਮਾਰ ਜਿੰਦਲ (ਜਿਸ ਨੂੰ ਬਰਖ਼ਾਸਤ ਕਰ ਦਿੱਤਾ ਗਿਆ ਹੈ) ਵਲੋਂ ਪੈਗੰਬਰ ਮੁਹੰਮਦ ਸਾਹਿਬ ਬਾਰੇ ਕੀਤੀਆਂ ਘਿਨਾਉਣੀਆਂ ਟਿੱਪਣੀਆਂ ਨਾਲ ਬਿਨਾਂ ਸ਼ੱਕ, ਪ੍ਰਧਾਨ ਮੰਤਰੀ ਨਰਿੰਦਰ ਮੋਦੀ ਅਤੇ ਉਨ੍ਹਾਂ ਦੀ ਸਰਕਾਰ ਦੇ ਖਾੜੀ ਮੁਲਕਾਂ ਨਾਲ ਭਾਰਤ ਦੇ ਸਬੰਧ ਮਜ਼ਬੂਤ ਕਰਨ ਲਈ ਕੀਤੇ ਯਤਨਾਂ ਨੂੰ ਗਹਿਰਾ ਧੱਕਾ ਵੱਜਿਆ ਹੈ। ਮੈਂ ਜਦੋਂ 2016-19 ਤਕ ਸੰਯੁਕਤ ਅਰਬ ਅਮੀਰਾਤ (ਯੂਏਈ) ਵਿਚ ਭਾਰਤ ਦਾ ਰਾਜਦੂਤ ਸੀ ਤਾਂ ਉਦੋਂ ਇਸ ਤਬਦੀਲੀ ਨੂੰ ਆਪਣੇ ਅੱਖੀਂ ਤੱਕਿਆ ਸੀ ਅਤੇ ਇਸ ਦਾ ਇਹ ਹਸ਼ਰ ਹੁੰਦਾ ਦੇਖ ਕੇ ਦੁੱਖ ਹੁੰਦਾ ਹੈ। ਪੰਜ ਜੂਨ ਨੂੰ 24 ਘੰਟਿਆਂ ਦੇ ਵਕਫ਼ੇ ਵਿਚ ਕਤਰ, ਕੁਵੈਤ ਅਤੇ ਇਰਾਨ ਵਿਚਲੇ ਭਾਰਤੀ ਰਾਜਦੂਤਾਂ ਨੂੰ ਵਿਦੇਸ਼ ਵਿਭਾਗ 'ਚ ਤਲਬ ਕੀਤਾ ਗਿਆ ਅਤੇ ਸਖ਼ਤ ਰੋਸ ਦਰਜ ਕਰਾਇਆ ਗਿਆ ਜੋ ਆਮ ਤੌਰ 'ਤੇ ਭੜਕਾਊ ਬਿਆਨਾਂ ਦੀ ਕੀਤੀ ਜਾਂਦੀ ਨੁਕਤਾਚੀਨੀ ਤੋਂ ਕਿਤੇ ਸਖ਼ਤ ਕਾਰਵਾਈ ਗਿਣੀ ਜਾਂਦੀ ਹੈ। ਕਤਰ ਤੇ ਕੁਵੈਤ ਨੇ ਮੰਗ ਕੀਤੀ ਕਿ ਦੋਸ਼ੀ ਜਨਤਕ ਤੌਰ 'ਤੇ ਮੁਆਫ਼ੀ ਮੰਗਣ, ਨਾਲ ਹੀ ਆਖਿਆ, "ਇਸਲਾਮ ਬਾਰੇ ਹਊਆ ਪੈਦਾ ਕਰਨ ਵਾਲੀਆਂ (ਇਸਲਾਮੋਫੋਬੀਆ) ਇਸ ਕਿਸਮ ਦੀਆਂ ਟਿੱਪਣੀਆਂ ਨੂੰ ਜੇ ਇਵੇਂ ਹੀ ਖੁੱਲ੍ਹ ਦਿੱਤੀ ਜਾਂਦੀ ਰਹੀ ਤਾਂ ਇਨ੍ਹਾਂ ਨਾਲ ਮਨੁੱਖੀ ਅਧਿਕਾਰਾਂ ਦੀ ਰਾਖੀ ਲਈ ਗੰਭੀਰ ਖ਼ਤਰਾ ਪੈਦਾ ਹੋ ਸਕਦਾ ਹੈ ਅਤੇ ਇਸ ਨਾਲ ਮੁਤੱਸਬ ਹੋਰ ਜ਼ਿਆਦਾ ਵਧ ਸਕਦਾ ਹੈ।'

ਉਧਰ ਪ੍ਰਸਿੱਧ ਪੱਤਰਕਾਰ ਨਿਮਰਤ ਕੌਰ 'ਰੋਜ਼ਾਨਾ ਸਪੋਕਸਮੈਨ' ਦੀ ਆਪਣੀ ਇਕ ਸੰਪਾਦਕੀ ਵਿਚ ਲਿਖਦੇ ਹਨ ਕਿ ਉਪ ਰਾਸ਼ਟਰਪਤੀ ਦੇ ਵਿਦੇਸ਼ੀ ਦੌਰੇ ਦੌਰਾਨ ਇਕ ਭਾਰਤੀ ਟੀ.ਵੀ. ਚੈਨਲ ਦੇ ਵਿਚਾਰ ਵਟਾਂਦਰੇ ਵਿਚ ਪੇਸ਼ ਕੀਤੇ ਊਲ ਜਲੂਲ ਵਿਚਾਰਾਂ ਕਾਰਨ ਬੜੀ ਸ਼ਰਮਿੰਦਗੀ ਝੱਲਣੀ ਪਈ। ਕੁਵੈਤ, ਓਮਾਨ, ਕਤਰ ਵਿਚ ਗਏ ਉਪ ਰਾਸ਼ਟਰਪਤੀ ਐਮ ਵੈਂਕੱਈਆ ਨਾਇਡੂ ਦਾ ਇਕ ਸਮਾਗਮ ਵੀ ਰੱਦ ਕਰ ਦਿੱਤਾ ਗਿਆ ਕਿਉਂਕਿ ਭਾਜਪਾ ਦੇ ਦੋ ਬੁਲਾਰਿਆਂ ਨੇ ਇਕ ਚੈਨਲ 'ਤੇ ਪੈਗੰਬਰ ਮੁਹੰਮਦ ਤੇ ਉਨ੍ਹਾਂ ਦੀ ਪਤਨੀ ਵਿਰੁੱਧ ਭੱਦੀ ਸ਼ਬਦਾਵਲੀ ਵਰਤੀ ਸੀ। ਇਨ੍ਹਾਂ ਵਿਚ ਇਕ ਨੂਪੁਰ ਸ਼ਰਮਾ ਹੈ ਜੋ ਟੀ.ਵੀ. ਚੈਨਲਾਂ ਉਤੇ ਵਿਚਾਰ ਵਟਾਂਦਰਿਆਂ ਵਿਚ ਕਾਫ਼ੀ ਊਲ ਜਲੂਲ ਬੋਲਦੀ ਹੈ।

ਇਹੋ ਜਿਹੇ ਕਈ ਨਾਮ ਹਨ ਜੋ ਅਕਸਰ ਟੀ.ਵੀ. ਚੈਨਲਾਂ ਅਤੇ ਸੋਸ਼ਲ ਮੀਡੀਆ 'ਤੇ ਤਿੱਖਾ ਅਤੇ ਕੌੜਾ ਬੋਲਦੇ ਹਨ ਤੇ ਇਨ੍ਹਾਂ ਨੂੰ ਸੁਣਦਿਆਂ ਕਈ ਵਾਰ ਦਿਮਾਗ਼ ਵੀ ਚਕਰਾ ਜਾਂਦਾ ਹੈ। ਬੁਲਾਰਿਆਂ ਤੋਂ ਵੱਧ ਤਾਂ ਟੀ.ਵੀ. ਚੈਨਲਾਂ 'ਤੇ ਬੈਠੇ ਕਈ ਐਂਕਰ ਨਫ਼ਰਤ ਭਰੀਆਂ ਟਿੱਪਣੀਆਂ ਕਰਦੇ ਹਨ ਤੇ ਇਸ ਨਫ਼ਰਤ ਦੀ ਪੱਤਰਕਾਰੀ ਨੇ ਦੁਨੀਆ ਭਰ ਵਿਚ ਭਾਰਤ ਵਾਸਤੇ ਬਦਨਾਮੀ ਹੀ ਖੱਟੀ ਹੈ। ਇਨ੍ਹਾਂ ਦੀ ਇਕਤਰਫ਼ਾ ਨਫ਼ਰਤ ਭਰੀ ਪੱਤਰਕਾਰੀ ਨੇ ਸਾਡੇ ਸਾਰੇ ਪੱਤਰਕਾਰਾਂ ਨੂੰ ਗੋਦੀ ਮੀਡੀਆ ਦਾ ਨਾਮ ਦਿਵਾ ਦਿੱਤਾ ਹੈ।'

ਪ੍ਰਸਿੱਧ ਪੱਤਰਕਾਰ ਸਤਨਾਮ ਸਿੰਘ ਮਾਣਕ ਆਪਣੇ ਫੇਸਬੁੱਕ ਪੇਜ 'ਤੇ ਉਕਤ ਸੰਦਰਭ 'ਚ ਲਿਖਦੇ ਹਨ, "ਪਿਛਲੇ ਅੱਠ ਸਾਲਾਂ ਵਿਚ ਦੇਸ਼ ਦੀ ਸਭ ਤੋਂ ਵੱਡੀ ਪ੍ਰਾਪਤੀ ਇਹ ਰਹੀ ਹੈ ਕਿ ਦੇਸ਼ ਦੀਆਂ ਘੱਟ ਗਿਣਤੀਆਂ ਅਤੇ ਸੱਤਾਧਾਰੀ ਪਾਰਟੀ ਤੋਂ ਵੱਖਰੀ ਰਾਇ ਰੱਖਣ ਵਾਲੇ ਲੋਕਾਂ ਦਾ ਲਗਾਤਾਰ ਉਤਪੀੜਨ ਹੋਇਆ ਹੈ। ਵੱਡੀ ਪੱਧਰ 'ਤੇ ਉਨ੍ਹਾਂ ਉੱਪਰ ਝੂਠੇ ਕੇਸ ਦਰਜ ਕਰਵਾ ਕੇ ਉਨ੍ਹਾਂ ਨੂੰ ਜੇਲ੍ਹਾਂ ਵਿਚ ਸੁੱਟਿਆ ਗਿਆ ਹੈ। ਨੌਜਵਾਨਾਂ ਦੀਆਂ ਜ਼ਿੰਦਗੀਆਂ ਬਰਬਾਦ ਕਰ ਦਿੱਤੀਆਂ ਗਈਆਂ ਹਨ। ਹੁਣ ਅਮਰੀਕਾ ਸਮੇਤ ਅਰਬ ਦੇਸ਼ਾਂ ਨੇ ਇਸ ਦਾ ਨੋਟਿਸ ਲੈਣਾ ਸ਼ੁਰੂ ਕਰ ਦਿੱਤਾ ਹੈ। ਭਾਜਪਾ ਦੀ ਬੁਲਾਰਾ ਨੂਪੁਰ ਸ਼ਰਮਾ ਵੱਲੋਂ 'ਟਾਈਮਜ਼ ਨਾਓ' ਟੀਵੀ ਚੈਨਲ 'ਤੇ ਮੁਹੰਮਦ ਸਾਹਿਬ (ਸ) ਸੰਬੰਧੀ ਇਤਰਾਜ਼ਯੋਗ ਟਿੱਪਣੀਆਂ ਕਰਨ ਕਰਕੇ ਅਰਬ ਦੇਸ਼ਾਂ ਵਿਚ ਭਾਰਤ ਦੇ ਵਪਾਰਕ ਬਾਈਕਾਟ ਦੇ ਸੱਦੇ ਦਿੱਤੇ ਜਾ ਰਹੇ ਹਨ।"

ਪਿਛਲੇ ਦਿਨੀਂ ਦੇਸ਼ ਦੇ ਸੰਪਾਦਕਾਂ ਦੀ ਜਥੇਬੰਦੀ 'ਅਡੀਟਰਜ਼ ਗਿਲਡ ਆਫ਼ ਇੰਡੀਆ' ਨੇ ਵੀ ਆਪਣੇ ਇਕ ਬਿਆਨ ਵਿਚ ਗੋਦੀ ਮੀਡੀਆ ਚੈਨਲਾਂ ਦੀ ਤਿੱਖੀ ਆਲੋਚਨਾ ਕੀਤੀ ਸੀ। ਇਸ ਸੰਦਰਭ ਵਿਚ ਗਿਲਡ ਨੇ ਆਖਿਆ ਕਿ ਉਹ ਕੌਮੀ ਨਿਊਜ਼ ਚੈਨਲਾਂ ਦੇ ਗੈਰ-ਜ਼ਿੰਮੇਵਾਰਾਨਾ ਰਵੱਈਏ ਤੋਂ ਨਿਰਾਸ਼ ਹੈ, ਜਿਹੜੇ ਜਾਣਬੁੱਝ ਕੇ ਅਜਿਹੇ ਹਾਲਾਤ ਪੈਦਾ ਕਰ ਰਹੇ ਹਨ ਜੋ ਘੱਟਗਿਣਤੀ ਫਿਰਕਿਆਂ ਪ੍ਰਤੀ ਨਫ਼ਰਤ ਫੈਲਾ ਕੇ ਉਨ੍ਹਾਂ ਨੂੰ ਨਿਸ਼ਾਨਾ ਬਣਾਉਂਦੇ ਹਨ।

ਗਿਲਡ ਨੇ ਅੱਗੇ ਕਿਹਾ ਕਿ ਇਨ੍ਹਾਂ ਘਟਨਾਵਾਂ ਤੋਂ ਦੇਸ਼ ਨੂੰ ਝੱਲਣੀ ਪਈ ਸ਼ਰਮਿੰਦਗੀ ਤੋਂ ਬਚਾਇਆ ਜਾ ਸਕਦਾ ਸੀ ਜੇਕਰ ਟੀ ਵੀ ਚੈਨਲ ਧਰਮ ਨਿਰਪੱਖਤਾ ਬਾਰੇ ਦੇਸ਼ ਦੀ ਸੰਵਿਧਾਨਕ ਪ੍ਰਤੀਬੱਧਤਾ ਦੇ ਨਾਲ-ਨਾਲ ਪੱਤਰਕਾਰੀ ਦੀ ਨੈਤਿਕਤਾ ਤੇ ਪ੍ਰੈਸ ਕੌਂਸਲ ਆਫ਼ ਇੰਡੀਆ ਵਲੋਂ ਜਾਰੀ ਹਦਾਇਤਾਂ ਉਤੇ ਪਹਿਰਾ ਦਿੰਦੇ। ਕੁਝ ਚੈਨਲ ਦਰਸ਼ਕਾਂ ਦੀ ਸੰਖਿਆ ਵਧਾ ਕੇ ਲਾਭ ਕਮਾਉਣ ਦੇ ਲਾਲਚ ਵਿਚ 'ਰੇਡੀਓ ਰਵਾਂਡਾ' ਦੇ ਰਾਹ ਪਏ ਹੋਏ ਹਨ, ਜਿਸ ਦੇ ਭੜਕਾਊ ਪ੍ਰਸਾਰਨਾਂ ਨੇ ਇਸ ਅਫ਼ਰੀਕੀ ਦੇਸ਼ ਨੂੰ ਕਤਲਗਾਹ ਬਣਾ ਦਿੱਤਾ ਸੀ। ਉਕਤ ਜਥੇਬੰਦੀ ਨੇ ਇਹ ਮੰਗ ਵੀ ਕੀਤੀ ਕਿ, 'ਗਿਲਡ ਮੰਗ ਕਰਦੀ ਹੈ ਕਿ ਇਹ ਚੈਨਲ ਅਜਿਹੀ ਸਮੱਗਰੀ ਨੂੰ ਪ੍ਰਸਾਰਤ ਕਰਨਾ ਛੱਡ ਦੇਣ ਤੇ ਵੰਡਪਾਊ ਨਫ਼ਰਤੀ ਮਾਹੌਲ ਪੈਦਾ ਕਰਨ ਵਾਲੇ ਜਿਨ੍ਹਾਂ ਪ੍ਰੋਗਰਾਮਾਂ ਰਾਹੀਂ ਕੌਮੀ ਵਿਵਾਦ ਖੜ੍ਹਾ ਹੋਇਆ, ਉਨ੍ਹਾਂ ਦੀ ਆਲੋਚਨਾਤਮਕ ਪੜਚੋਲ ਕਰਨ।'

ਅੰਤ ਵਿਚ ਆਪਣੀ ਗੱਲ ਕਬੀਰ ਜੀ ਦੇ ਇਸ ਦੋਹੇ ਨਾਲ ਹੀ ਸਮਾਪਤ ਕਰਨਾ ਚਾਹਾਂਗਾ:

ਐਸੀ ਬਾਣੀ ਬੋਲੀਏ, ਮਨ ਕਾ ਆਪਾ ਖੋਏ।
ਔਰਨ ਕੋ ਸ਼ੀਤਲ ਕਰੇ, ਆਪਹੁੰ ਸ਼ੀਤਲ ਹੋਏ॥

# ਸਿਕਲੀਗਰਾਂ ਬਾਰੇ ਕੁਝ ਰੌਚਕ ਤੱਥ

ਜਿਨ੍ਹਾਂ ਨੂੰ ਮਾਲਵੇ 'ਚ ਗੱਡੀਆਂ ਵਾਲੇ ਕਿਹਾ ਜਾਂਦਾ ਹੈ, ਜੋ ਆਪਣੇ ਆਪ ਨੂੰ ਰਾਜਪੂਤ ਬਿਰਾਦਰੀ ਨਾਲ ਜੋੜਦੇ ਹਨ, ਇਸ ਲੇਖ ਵਿਚ ਉਨ੍ਹਾਂ ਸਿਕਲੀਗਰਾਂ ਬਾਰੇ ਕੁਝ ਰੌਚਕ ਤੱਥ ਪੇਸ਼ ਕੀਤੇ ਗਏ ਹਨ।

1: ਸਿਕਲੀਗਰਾਂ ਦੀਆਂ ਕੁੜੀਆਂ ਨੂੰ ਝੱਗਿਆਂ ਨੂੰ ਸ਼ੀਸ਼ੇ, ਝਾਲਰਾਂ, ਕੌਡੀਆਂ ਲਾਉਣ ਦਾ ਸ਼ੌਕ ਤਾਂ ਹੁੰਦਾ ਈ ਏ, ਉਹ ਲੱਤਾਂ ਪਿੰਨੀਆਂ, ਪੱਟਾਂ, ਛਾਤੀਆਂ ਉੱਤੇ ਸੱਪ, ਮੋਰ, ਮਿਰਗ ਤੇ ਪਰੀਆਂ ਵੀ ਖੁਣਵਾਉਂਦੀਆਂ ਹਨ।

- ਇਨ੍ਹਾਂ ਲਈ ਖੁਣੀਆ ਰੱਬ ਦਾ ਰੂਪ ਹੁੰਦਾ ਹੈ, ਤੇ ਇਹ ਉਨ੍ਹਾਂ ਸਾਹਮਣੇ ਸ਼ਰਮ ਮਹਿਸੂਸ ਨਹੀਂ ਕਰਦੀਆਂ।

2: ਸਿਕਲੀਗਰ ਔਰਤਾਂ ਕੋਲ ਆਪਣੇ ਪਿੰਡੇ ਦਾ ਇਕ ਥਾਂ ਉਹ ਹੁੰਦਾ ਹੈ ਜਿਹਨੂੰ ਸਾਰੀ ਓਮਰ ਉਨ੍ਹਾਂ ਦੀ ਆਪਣੀ ਅੱਖ ਤੋਂ ਬਿਨਾਂ ਕੋਈ ਵੀ ਹੋਰ ਨਹੀਂ ਵੇਖ ਸਕਦਾ, ਉਹ ਲੱਕ ਉਤੇ ਜਿਸ ਥਾਂ ਆਪਣੀ ਘੱਗਰੀ ਦਾ ਨਾਲਾ ਬੰਨ੍ਹਦੀਆਂ ਹਨ, ਉਸ ਥਾਂ ਨੂੰ ਨੇਂਘ ਕਹਿੰਦੇ ਹਨ। ਉਸ ਥਾਂਵੇ ਉਹ, ਉਸ ਮਰਦ ਦਾ ਨਾਂ ਖੁਣਵਾਉਂਦੀਆਂ ਹਨ, ਜਿਹਨੂੰ ਉਹ ਸਾਰੀ ਰੂਹ ਨਾਲ ਮੁਹੱਬਤ ਕਰਦੀਆਂ ਹਨ।

- ਕੀ ਇੱਥੇ ਨਾਂ ਉਨ੍ਹਾਂ ਦਾ ਖਾਵੰਦ ਵੀ ਨਹੀਂ ਦੇਖ ਸਕਦਾ?

ਇਸ ਦਾ ਜਵਾਬ ਹੈ ਨਹੀ ਨੇਂਘ ਵਾਲਾ ਥਾਂ ਕੋਈ ਨਹੀਂ ਵੇਖ ਸਕਦਾ, ਖਾਵੰਦ ਵੀ ਨਹੀਂ!! ਉਹ ਲੱਕ ਤੋਂ ਕਦੇ ਘੱਗਰੀ ਲਾਹੁੰਦੀਆਂ ਈ ਨਹੀਂ। ਵਿਆਹ ਵੇਲੇ ਉਨ੍ਹਾਂ ਨੂੰ ਵਟਣਾ ਵੀ ਮਲੀਂਦਾ ਏ, ਪਰ ਉਸ ਵੇਲੇ ਵੀ ਲੱਕ ਘੱਗਰੀ ਹੁੰਦੀ ਹੈ। ਨਹਾਉਣ ਵੇਲੇ ਵੀ, ਤੇ ਮਰਦ ਨਾਲ ਸੌਣ ਵੇਲੇ ਵੀ, ਘੱਗਰੀ ਬਦਲਣ ਵੇਲੇ ਵੀ ਉਹ ਸਿਰ ਵਾਲੇ ਪਾਸਿਉਂ ਨਵੀਂ ਘੱਗਰੀ ਪਾ ਕੇ ਹੇਠੋਂ ਦੀ ਪੁਰਾਣੀ ਲਾਹੁੰਦੀਆਂ ਹਨ।

3: ਇਹ ਲੋਕ ਦਸਤੂਰ ਦੇ ਬੜੇ ਪੱਕੇ ਹੁੰਦੇ ਹਨ, ਪਰ ਉਨ੍ਹਾਂ ਦੇ ਦਸਤੂਰ ਵੱਖਰੀ ਤਰ੍ਹਾਂ ਦੇ ਹਨ, ਮਸਲਨ- ਕੋਈ ਮਰਦ, ਔਰਤ ਦੀ ਛਾਤੀ ਨੂੰ ਕਦੇ ਹੱਥ ਨਹੀਂ ਲਾਉਂਦਾ ਔਰਤ ਦੀ ਛਾਤੀ ਬੱਚੇ ਦੀ ਅਮਾਨਤ ਸਮਝੀ ਜਾਂਦੀ ਹੈ। ਇਸ ਅਮਾਨਤ



ਵਿਚ ਕੋਈ ਖਿਆਨਤ ਨਹੀਂ ਕਰਦਾ। #ਔਰਤਦਾਮਨ

4: ਇਨ੍ਹਾਂ ਲੋਕਾਂ ਵਿਚ ਵੀਣੀ ਫੜਨ ਦੀ ਇਕ ਰਸਮ ਹੁੰਦੀ ਹੈ ਜਿਹਦੇ ਲਈ ਹਰ ਕੁਆਰੀ ਕੁੜੀ ਆਪਣੀ ਬਾਂਹ ਸੁੱਚੀ ਰੱਖਦੀ ਹੈ। ਉਨ੍ਹਾਂ ਡੇਰਿਆਂ ਵਿਚ ਵਿਆਹੀ ਤੇ ਕੁਆਰੀ ਦੀ ਪਛਾਣ ਹੀ ਇਹੋ ਹੁੰਦੀ ਹੈ ਕਿ ਵਿਆਹੀ ਕੁੜੀ ਅੱਧੀਆਂ ਬਾਂਹਾਂ ਦੀ ਕੁੜਤੀ ਪਾਉਂਦੀ ਹੈ ਤੇ ਕੁਆਰੀ ਸਾਰੀਆਂ ਬਾਂਹਵਾਂ ਦੀ ਉਹਦੇ ਵਿਆਹ ਵਾਲੇ ਦਿਨ ਮਰਦ ਵੱਲੋਂ ਵੀਣੀ ਫੜਨ ਦੀ ਰਸਮ ਹੁੰਦੀ ਹੈ ਜਿਵੇਂ ਪੰਜਾਬ ਵਿਚ ਗਾਨਾ ਖੋਲ੍ਹਣ ਦੀ ਹੁੰਦੀ ਹੈ। ਮਰਦ ਸਾਰਿਆਂ ਦੇ ਸਾਹਮਣੇ ਕੁੜੀ ਦੀ ਵੀਣੀ ਫੜਦਾ ਹੈ, ਜਿੰਨੀ ਘੁੱਟ ਕੇ ਫੜੇਗਾ ਸਬੰਧ ਓਨਾ ਈ ਪੱਕਾ ਸਮਝਿਆ ਜਾਂਦਾ ਹੈ।

5: ਵਫ਼ਾ ਤੇ ਬੇਵਫ਼ਾਈ ਦਾ ਵੀ ਉਨ੍ਹਾਂ ਦਾ ਆਪਣਾ ਦਸਤੂਰ ਹੈ।

- ਡੇਰੇ ਦੇ ਮਰਦ ਸਾਰਾ ਦਿਨ ਭੱਠੀ 'ਤੇ ਕੰਮ ਕਰਦੇ ਹਨ। ਔਰਤਾਂ ਘਰ ਘਰ ਜਾ ਕੇ ਛਾਨਣੀਆਂ, ਤੱਕਲੇ ਵੇਚਦੀਆਂ ਹਨ। ਨਵਾਂ ਕੰਮ ਲਿਆਉਂਦੀਆਂ ਹਨ। ਉਨ੍ਹਾਂ ਨੂੰ ਹਾਸਾ ਖੇਡਾ ਤੇ ਅੱਖ ਮਟੱਕਾ ਮੁਆਫ਼ ਹੁੰਦਾ ਹੈ।

ਕਈ ਘਰ ਖੇਤਾਂ ਵਾਲੇ ਤੂੜੀ ਦੀ ਪੰਡ ਜਾਂ ਸ਼ਟਾਲੇ ਦੀ ਭਰੀ ਉਂਝ ਈ ਉਨ੍ਹਾਂ ਦੇ ਹਾਸੇ ਤੋਂ ਵਾਰ ਦਿੰਦੇ ਹਨ, ਕਈ ਵਾਰ ਜ਼ਿਮੀਂਦਾਰ ਉਨ੍ਹਾਂ ਨੂੰ ਖੇਤਾਂ ਵਿਚ ਫੜ ਲੈਂਦੇ ਹਨ, ਪਰ ਡੇਰੇ ਦੇ ਮਰਦ ਔਰਤ ਉਤੇ ਕੋਈ ਦੋਸ਼ ਨਹੀ ਲਾਉਂਦੇ ਸੂਰਜ ਚੜ੍ਹਨ ਤੋਂ ਲੈ ਕੇ ਛੁਪਣ ਤਕ ਦਾ ਵੇਲਾ ਉਹ ਢਿੱਡ ਦਾ ਵੇਲਾ ਸਮਝਦੇ ਹਨ।

- ਪਰ ਸੂਰਜ ਡੁੱਬਣ ਤੋਂ ਲੈ ਕੇ ਨਵਾਂ ਸੂਰਜ ਚੜ੍ਹਨ ਤਕ ਦਾ ਵੇਲਾ ਉਹ ਰੂਹ ਦਾ ਵੇਲਾ ਸਮਝਦੇ ਹਨ। ਉਸ ਵੇਲੇ ਹਰ ਔਰਤ ਆਪਣੇ ਮਰਦ ਕੋਲ ਹੋਣੀ ਚਾਹੀਦੀ ਹੈ।

ਉਹ ਵੇਲਾ ਪਰਾਏ ਮਰਦ ਦਾ ਵੇਲਾ ਨਹੀਂ ਹੁੰਦਾ, ਜੇ ਕੋਈ ਔਰਤ ਸੂਰਜ ਅਸਤ ਹੋਣ ਤਕ ਡੇਰੇ ਨਾ ਮੁੜੇ ਤਾਂ ਉਹਨੂੰ ਡੇਰੇ ਵਿਚੋਂ ਕੱਢ ਦਿੱਤਾ ਜਾਂਦਾ ਹੈ।

**ਕਿਤਾਬ:- ਆਸ਼ਕ, ਭੌਰ ਫ਼ਕੀਰ ਤੇ ਨਾਗ ਕਾਲੇ ਵਿੱਚੋਂ**

# ਪੰਜਾਬੀ ਵਿਦਵਤਾ ਵਿਚ ਨਿਘਾਰ ਅਤੇ ਉਲਾਰ

ਸ਼ਿਸ਼ਟਾਚਾਰ ਵਜੋਂ ਅਸੀਂ ਡਾਕਟਰੇਟ ਦੀ ਡਿਗਰੀ ਪ੍ਰਾਪਤ ਹਰ ਵਿਅਕਤੀ ਨੂੰ ਵਿਦਵਾਨ ਵਜੋਂ ਸੰਬੋਧਨ ਕਰਨ ਦੇ ਆਦੀ ਹਾਂ ਪਰ ਅਸਲ ਵਿਚ ਵਿਦਵਤਾ ਬਹੁਤ ਦੂਰ ਦੀ ਚੀਜ਼ ਹੈ। ਵਿਦਵਾਨ ਬਣਨ ਲਈ ਕਿਸੇ ਵੀ ਵਿਅਕਤੀ ਨੂੰ ਕਿਸੇ ਖਾਸ ਖੇਤਰ ਵਿਚ ਲੰਮਾ ਸਮਾਂ ਖੋਜ ਜਾਂ ਆਲੋਚਨਾ ਦਾ ਮਿਆਰੀ ਕੰਮ ਕਰਨਾ ਪੈਂਦਾ ਹੈ। ਪੰਜਾਬੀ ਵਿਚ ਉਪਾਧੀ ਸਾਪੇਖ ਖੋਜ/ਆਲੋਚਨਾ ਨੂੰ ਆਰੰਭ ਹੋਇਆਂ ਇਕ ਸਦੀ ਹੋਣ ਵਾਲੀ ਹੈ, ਬੇਸ਼ੱਕ ਉਪਾਧੀ ਨਿਰਪੇਖ ਖੋਜ ਦੀ ਉਮਰ ਸੌ ਸਾਲ ਤੋਂ ਕਿਤੇ ਜ਼ਿਆਦਾ ਹੈ। ਪੰਜਾਬੀ ਵਿਦਵਤਾ ਦੇ ਇਤਿਹਾਸ ਉਪਰ ਝਾਤੀ ਮਾਰਿਆਂ ਕੁਝ ਸਿੱਟੇ ਯਕੀਨਨ ਹੀ ਕੱਢੇ ਜਾ ਸਕਦੇ ਹਨ।

ਗੁਰਬਾਣੀ ਦੀ ਖੋਜ ਤੋਂ ਗੱਲ ਸ਼ੁਰੂ ਕਰੀਏ ਤਾਂ ਸ਼ੇਰ ਸਿੰਘ, ਸੁਰਿੰਦਰ ਸਿੰਘ ਕੋਹਲੀ, ਤਾਰਨ ਸਿੰਘ, ਪ੍ਰੋ. ਸਾਹਿਬ ਸਿੰਘ, ਦੀਵਾਨ ਸਿੰਘ, ਰਤਨ




ਸਿੰਘ ਜੱਗੀ, ਗੁਰਬਚਨ ਸਿੰਘ ਤਾਲਿਬ, ਪਿਆਰਾ ਸਿੰਘ ਪਦਮ ਆਦਿ ਵਿਦਵਾਨਾਂ ਦੇ ਨਾਂ ਲਏ ਜਾ ਸਕਦੇ ਹਨ। ਇਸ ਖੇਤਰ ਦੀ ਖੋਜ ਨੂੰ ਉਤਸ਼ਾਹਿਤ ਕਰਨ ਵਿਚ

**ਡਾ. ਧਰਮ ਸਿੰਘ**
**ਫੋਨ: +91-98889-39808**

ਸੁਰਿੰਦਰ ਸਿੰਘ ਕੋਹਲੀ ਦੇ ਯਤਨਾਂ ਦੀ ਝਲਕ ਉਸ ਦੀ ਸਵੈ-ਜੀਵਨੀਮੂਲਕ ਪੁਸਤਕ 'ਮੈਂ ਅਤੇ ਪੰਜਾਬੀ ਸਾਹਿਤ' ਵਿਚੋਂ ਵੇਖੀ ਜਾ ਸਕਦੀ ਹੈ। ਸੂਫੀ ਕਾਵਿ ਦੇ ਗਹਿਨ ਅਧਿਐਨ ਉਪਰ ਝਾਤ ਮਾਰੀਏ ਤਾਂ ਮੋਹਨ ਸਿੰਘ ਦੀਵਾਨਾ, ਲਾਜਵੰਤੀ ਰਾਮਾ ਕ੍ਰਿਸ਼ਨਾ, ਜੀਤ ਸਿੰਘ ਸੀਤਲ, ਸਾਧੂ ਰਾਮ ਸ਼ਾਰਦਾ, ਗੁਰਦੇਵ ਸਿੰਘ, ਕੁਲਜੀਤ ਸ਼ੈਲੀ ਅਤੇ ਗੁਰਚਰਨ ਸਿੰਘ ਤਲਵਾੜਾ ਦੇ ਕੰਮ ਨੂੰ ਅੱਖੋਂ ਪਰੋਖੇ ਨਹੀਂ ਕੀਤਾ ਜਾ ਸਕਦਾ। ਇਸੇ ਤਰ੍ਹਾਂ ਕਿੱਸਾ ਕਾਵਿ ਵਿਚ ਹਰਨਾਮ ਸਿੰਘ ਸ਼ਾਨ, ਜੀਤ ਸਿੰਘ ਸੀਤਲ, ਗੁਰਦੇਵ ਸਿੰਘ, ਸ. ਸ. ਅਮੋਲ ਅਤੇ ਕੁਲਬੀਰ ਸਿੰਘ ਕਾਂਗ ਆਦਿ ਦੇ ਕੰਮ ਨੂੰ ਕਦਰ ਦੀ ਨਜ਼ਰ ਨਾਲ ਵੇਖਿਆ ਜਾਂਦਾ ਹੈ। ਮੱਧਕਾਲੀਨ ਵਾਰਤਕ ਬਾਰੇ ਪਿਆਰ ਸਿੰਘ, ਤਰਲੋਚਨ ਸਿੰਘ ਬੇਦੀ, ਰਤਨ ਸਿੰਘ ਜੱਗੀ, ਸੰਤ ਸਿੰਘ ਪਦਮ ਦੇ ਨਾਂ ਸਹਿਜੇ ਹੀ ਲਏ ਜਾ ਸਕਦੇ ਹਨ। ਲੋਕ ਸਾਹਿਤ ਵਿਚ ਕਰਨੈਲ ਸਿੰਘ ਥਿੰਦ, ਵਣਜਾਰਾ ਬੇਦੀ, ਨਾਹਰ ਸਿੰਘ, ਕਰਨਜੀਤ ਸਿੰਘ ਆਦਿ ਨੂੰ ਅਣਡਿੱਠ ਨਹੀਂ ਕੀਤਾ ਜਾ ਸਕਦਾ। ਕਹਿਣ ਦਾ ਭਾਵ ਹੈ ਕਿ ਇਹ ਸਾਰੇ ਵਿਦਵਾਨ ਖੋਜ ਦੇ ਵੱਖ ਵੱਖ ਖੇਤਰਾਂ ਵਿਚ ਆਪੋ ਆਪਣੀ ਪਛਾਣ ਬਣਾ ਚੁੱਕੇ ਹਨ।

ਏ.ਪੀ.ਆਈ. ਸਕੋਰ ਬਿਹਤਰ ਕਰ ਕੇ ਅਗਲੀ ਤਰੱਕੀ ਲਈ ਅੰਕਾਂ ਵਿਚ ਵਾਧਾ ਕਰਨ ਦੀ ਗਰਜ਼ ਵਜੋਂ ਹੁਣ ਬਹੁਤੇ ਅਧਿਆਪਕ ਸਾਧਾਰਨ ਪੱਧਰ ਦੀ ਸੰਪਾਦਨਾ ਵੱਲ ਹੋ ਤੁਰੇ ਹਨ। ਵਾਕਫ਼ ਜਾਂ ਜਮਾਤੀਆਂ ਕੋਲੋਂ ਦਸ-ਬਾਰਾਂ ਲੇਖ ਇਕੱਠੇ ਕਰ ਕੇ ਉਸ ਨੂੰ ਕਿਤਾਬੀ ਰੂਪ ਵਿਚ ਛਾਪ ਕੇ ਆਪਣੇ ਨਾਂ ਇਕ ਪ੍ਰਕਾਸ਼ਨਾ ਹੋਰ ਜੋੜਨ ਵਾਲਿਆਂ ਦੀ ਹੋੜ ਲੱਗੀ ਹੋਈ ਹੈ। ਖੋਜ ਜਾਂ ਆਲੋਚਨਾ ਦੇ ਨਾਂ ਉਪਰ ਜੋ ਨਵੀਆਂ ਪੁਸਤਕਾਂ ਛਪ ਰਹੀਆਂ ਹਨ, ਉਨ੍ਹਾਂ ਵਿਚ ਬਹੁਗਿਣਤੀ ਅਜਿਹੇ ਅਧਿਆਪਕਾਂ ਦੀ ਹੈ। ਅਜਿਹੀਆਂ ਪ੍ਰਕਾਸ਼ਨਾਵਾਂ ਦਾ ਮੁੱਲ ਵਕਤੀ ਹੀ ਹੁੰਦਾ ਹੈ, ਚਿਰ ਸਥਾਈ ਨਹੀਂ। ਇਸ ਰੁਝਾਨ ਦਾ ਨਤੀਜਾ ਇਹ ਨਿਕਲਿਆ ਹੈ ਕਿ ਕਈ ਖੇਤਰ ਬਿਲਕੁਲ ਅਣਗੌਲੇ ਰਹਿ ਗਏ ਹਨ ਅਤੇ ਕਈਆਂ ਵਿਚ ਘੜਮੱਸ ਹੈ। ਇਸ ਦੇ ਸਿੱਟੇ ਵਜੋਂ ਪੰਜਾਬੀ ਵਿਦਵਤਾ ਵਿਚ ਉਲਾਰ ਜ਼ਰੂਰ ਪੈਦਾ ਹੋ ਗਿਆ ਹੈ। ਉਦਾਹਰਣ ਵਜੋਂ ਕੁਝ ਅਜਿਹੇ ਖੇਤਰ ਲੱਭ ਪੈਂਦੇ ਹਨ ਜਿਵੇਂ ਪੰਜਾਬੀ ਗਲਪ ਨੂੰ ਹੀ ਲਈਏ ਤਾਂ ਦੋ ਦਰਜਨ ਤੋਂ ਵੀ ਵਧੇਰੇ ਵਿਦਵਾਨ ਇਸ ਨੂੰ ਆਪਣੀ ਮੁਹਾਰਤ ਦਾ ਖੇਤਰ ਦੱਸਦੇ ਹਨ। ਲੋਕ ਸਾਹਿਤ, ਆਧੁਨਿਕ ਪੰਜਾਬੀ ਕਵਿਤਾ, ਪੰਜਾਬੀ ਨਾਟਕ, ਪਰਵਾਸੀ ਪੰਜਾਬੀ ਸਾਹਿਤ ਬਾਰੇ ਵੀ ਅਜਿਹਾ ਹੀ ਕਿਹਾ ਜਾ ਸਕਦਾ ਹੈ। ਇਸ ਦੇ ਉਲਟ ਹਵਾਲਾ ਸਾਹਿਤ, ਆਧੁਨਿਕ ਪੰਜਾਬੀ ਵਾਰਤਕ, ਸਾਹਿਤ-ਇਤਿਹਾਸਕਾਰੀ, ਪੰਜਾਬੀ ਕਾਵਿ ਸ਼ਾਸਤਰ ਆਦਿ ਕੁਝ ਅਜਿਹੇ ਖੇਤਰ ਹਨ ਜਿਨ੍ਹਾਂ ਵਿਚ ਕਿੰਨੇ ਕੁ ਨਾਂ ਲਏ ਜਾ ਸਕਦੇ ਹਨ?



ਪੰਜਾਬੀ ਵਿਦਵਤਾ ਦੇ ਉਲਾਰ ਬਾਰੇ ਮੈਨੂੰ ਦੋ ਮੌਕਿਆਂ ਉਪਰ ਵਿਸ਼ੇਸ਼ ਅਹਿਸਾਸ ਹੋਇਆ। ਪਹਿਲਾ ਉਦੋਂ ਜਦੋਂ ਮੈਂ ਗੁਰੂ ਨਾਨਕ ਦੇਵ ਯੂਨੀਵਰਸਿਟੀ, ਅੰਮ੍ਰਿਤਸਰ ਦੇ ਪੰਜਾਬੀ ਅਧਿਐਨ ਵਿਭਾਗ ਦਾ ਮੁਖੀ ਸੀ। ਵਿਭਾਗ ਦਾ ਮੁਖੀ ਆਪਣੇ ਅਹੁਦੇ ਕਰਕੇ ਬੋਰਡ ਆਫ ਸਟੱਡੀਜ਼ ਦਾ ਚੇਅਰਮੈਨ ਵੀ ਹੁੰਦਾ ਹੈ। ਪੰਜਾਬੀ ਦੀਆਂ ਉਚੇਰੀਆਂ ਕਲਾਸਾਂ ਜਿਵੇਂ ਐਮ.ਏ., ਐਮ.ਫਿਲ. ਅਤੇ ਪੀਐਚ.ਡੀ. ਲਈ ਪ੍ਰੀਖਿਅਕਾਂ ਦੀਆਂ ਨਿਯੁਕਤੀਆਂ ਇਸੇ ਬੋਰਡ ਵੱਲੋਂ ਹੁੰਦੀਆਂ ਹਨ। ਯੂਨੀਵਰਸਿਟੀਆਂ ਵੱਲੋਂ ਆਮ ਕਰਕੇ ਇਹ ਹਦਾਇਤਾਂ ਹੁੰਦੀਆਂ ਹਨ ਕਿ ਖੇਤਰ ਵਿਸ਼ੇਸ਼ ਦੇ ਵਿਦਵਾਨਾਂ ਨੂੰ ਹੀ ਪ੍ਰੀਖਿਅਕ ਨਿਯੁਕਤ ਕੀਤਾ ਜਾਵੇ। ਮੁੱਖ ਪ੍ਰੀਖਿਅਕ ਦੇ ਨਾਲ-ਨਾਲ ਉਡੀਕ ਸੂਚੀ ਵੀ ਬਣਾ ਕੇ ਦੇਣੀ ਹੁੰਦੀ ਹੈ। ਮੱਧਕਾਲੀ ਸਾਹਿਤ ਪੰਜਾਬੀ ਸਾਹਿਤ ਦਾ ਅਨਮੋਲ ਵਿਰਸਾ ਹੈ ਜਿਸ ਨੂੰ ਕਿਸੇ ਵੀ ਸੂਰਤ ਵਿਚ, ਕਿਸੇ ਵੀ ਯੂਨੀਵਰਸਿਟੀ ਵੱਲੋਂ ਅਣਡਿੱਠ ਨਹੀਂ ਕੀਤਾ ਜਾ ਸਕਦਾ ਪਰ ਪ੍ਰੀਖਿਅਕਾਂ ਦੀਆਂ ਨਿਯੁਕਤੀਆਂ ਕਰਨ ਵੇਲੇ ਕਾਲ ਪਿਆ ਵਿਖਾਈ ਦਿੰਦਾ ਹੈ। ਇਸ ਦਾ ਮੁੱਖ ਕਾਰਨ ਇਹ ਹੈ ਕਿ ਮੱਧਕਾਲੀ ਸਾਹਿਤ ਵਿਚ ਖੋਜ ਜਾਂ ਆਲੋਚਨਾ ਦਾ ਕੰਮ ਕਰਨ ਵਾਲੇ ਵਿਦਵਾਨਾਂ ਦੀ ਗਿਣਤੀ ਹੁਣ ਨਾਂ-ਮਾਤਰ ਹੈ। ਇਸ ਦਾ ਹੱਲ ਇਹ ਕੱਢਿਆ ਜਾਂਦਾ ਕਿ ਸੀਨੀਅਰ ਅਧਿਆਪਕਾਂ ਨੂੰ ਨਿਯੁਕਤ ਕੀਤਾ ਜਾਵੇ ਜਾਂ ਫਿਰ ਇਕ ਤੋਂ ਵਧੀਕ ਖੇਤਰਾਂ ਵਿਚ ਉਨ੍ਹਾਂ ਦੀਆਂ ਸੇਵਾਵਾਂ ਲਈਆਂ ਜਾਣ। ਅੱਜਕੱਲ੍ਹ ਇਕ ਹੋਰ ਭੈੜ ਚੱਲ ਪਿਆ ਹੈ। ਭੈੜ ਇਹ ਹੈ ਕਿ ਨਿਯੁਕਤ ਪ੍ਰੀਖਿਅਕਾਂ ਵੱਲੋਂ ਜੋ ਪ੍ਰਸ਼ਨ ਪੱਤਰ ਸੈੱਟ ਕਰ ਕੇ ਭੇਜਿਆ ਜਾਂਦਾ ਹੈ, ਉਸ ਨੂੰ ਉਸੇ ਰੂਪ ਵਿਚ ਪ੍ਰਵਾਨ ਕਰਨ ਦੀ ਬਜਾਇ ਸਰਲ ਅਤੇ ਸੌਖਾ ਬਣਾ ਕੇ ਪ੍ਰਕਾਸ਼ਿਤ ਕੀਤਾ ਜਾਂਦਾ ਹੈ। ਇਸ ਵਰਤਾਰੇ ਦਾ ਸਭ ਤੋਂ ਵੱਡਾ ਨੁਕਸਾਨ ਇਹ ਹੋਇਆ ਹੈ ਕਿ ਉਚੇਰੀਆਂ ਜਮਾਤਾਂ ਦੇ ਵਿਦਿਆਰਥੀਆਂ ਕੋਲੋਂ ਜਿਸ ਮੌਲਿਕ ਅਤੇ ਗਹਿਰ ਗੰਭੀਰ ਸੋਚ ਦੀ ਤਵੱਕੋ ਕੀਤੀ ਜਾਂਦੀ ਹੈ, ਉਹ ਮਨਫ਼ੀ ਹੋ ਜਾਂਦੀ ਹੈ। ਅਤਿਅੰਤ ਸਾਦੇ ਬਣਾ ਕੇ ਪੁੱਛੇ ਪ੍ਰਸ਼ਨਾਂ ਕਰਕੇ ਹੁਣ ਬੀ.ਏ. ਅਤੇ ਉਚੇਰੀਆਂ ਕਲਾਸਾਂ ਦੇ ਪ੍ਰਸ਼ਨ ਪੱਤਰਾਂ ਵਿਚਕਾਰ ਕੋਈ ਅੰਤਰ ਨਹੀਂ ਰਹਿ ਗਿਆ। ਵਿਦਿਆਰਥੀਆਂ ਵਿਚ ਮੌਲਿਕਤਾ ਅਤੇ ਨਵੇਂਪਨ ਦੀ ਘਾਟ ਪੈਦਾ ਹੋ ਗਈ ਹੈ।

ਦੂਜਾ ਤੀਬਰ ਅਹਿਸਾਸ ਉਦੋਂ ਹੋਇਆ ਜਦੋਂ ਪੰਜਾਬੀ ਅਕਾਦਮੀ, ਦਿੱਲੀ ਵੱਲੋਂ ਵਡ-ਆਕਾਰੀ ਪੰਜਾਬੀ ਸਾਹਿਤ ਦਾ ਇਤਿਹਾਸ (ਚੌਦਾਂ ਜਿਲਦਾਂ) ਤਿਆਰ ਕਰਵਾਉਣ ਦਾ ਬੀੜਾ ਚੁੱਕਿਆ ਗਿਆ। ਮੇਰੇ ਹਿੱਸੇ ਪੰਜਾਬੀ ਖੋਜ ਦਾ ਇਤਿਹਾਸ (ਚੌਦਵੀਂ ਜਿਲਦ) ਲਿਖਣਾ ਆਇਆ। ਆਰੰਭ ਤੋਂ ਹੀ ਇਸ ਪ੍ਰਤਿਸ਼ਠਿਤ ਪ੍ਰੋਜੈਕਟ ਨਾਲ ਜੁੜਿਆ ਹੋਣ ਕਰਕੇ ਮੈਨੂੰ ਇਸ ਦੀਆਂ ਲਗਪਗ ਸਾਰੀਆਂ ਬੈਠਕਾਂ ਵਿਚ ਸ਼ਾਮਲ ਹੋਣ ਦਾ ਮੌਕਾ ਮਿਲਿਆ। ਪ੍ਰੋਜੈਕਟ ਮੁਕੰਮਲ ਹੋਇਆ। ਚੌਦਾਂ ਜਿਲਦਾਂ ਵਿਚ ਪ੍ਰਕਾਸ਼ਿਤ ਇਸ ਸੈੱਟ ਵਿਚ ਘੱਟੋ ਘੱਟ ਅੱਧੀਆਂ ਪੁਸਤਕਾਂ ਅਜਿਹੀਆਂ ਹਨ ਜਿਹੜੀਆਂ ਮੂਲ ਰੂਪ ਵਿਚ, ਮਾਹਿਰ ਜਾਣ ਕੇ ਜਿਨ੍ਹਾਂ ਨੂੰ ਸੌਂਪੀਆਂ ਗਈਆਂ ਸਨ, ਉਹ ਦੌੜ ਗਏ ਅਤੇ ਉਨ੍ਹਾਂ ਦੀ ਥਾਂ ਉਹ ਕੰਮ ਕਿਸੇ ਹੋਰ ਨੂੰ ਦੇਣਾ ਪਿਆ। ਛਪੀਆਂ ਪੁਸਤਕਾਂ ਵਿਚ ਤਿੰਨ-ਚਾਰ ਅਜਿਹੀਆਂ ਹਨ ਜਿਨ੍ਹਾਂ ਬਾਰੇ ਸਰਗੋਸ਼ੀਆਂ ਹਨ ਕਿ ਉਹ ਦੂਸਰੀਆਂ ਦੇ ਟਾਕਰੇ ਮਿਆਰੀ ਨਹੀਂ ਹਨ। ਅੱਜ ਜੇ ਕੋਈ ਅਜਿਹੇ ਪ੍ਰੋਜੈਕਟ ਨੂੰ ਹੱਥ ਵਿਚ ਲਵੇ ਤਾਂ ਉਸ ਨੂੰ ਪਹਿਲੀਆਂ ਨਾਲੋਂ ਵੀ ਵਧੇਰੀਆਂ ਅਤੇ ਗੰਭੀਰ ਸਮੱਸਿਆਵਾਂ ਦਾ ਸਾਹਮਣਾ ਕਰਨਾ ਪਵੇਗਾ।

ਵਿਦਵਤਾ ਦੀ ਜੋਤ ਇਕ ਤੋਂ ਦੂਜੀ ਅਤੇ ਦੂਜੀ ਤੋਂ ਤੀਜੀ ਪੀੜ੍ਹੀ ਰਾਹੀਂ ਪ੍ਰਜਲਵਿਤ ਹੁੰਦੀ ਹੈ ਪਰ ਹੁਣ ਤਾਂ ਜੋਤ ਵਿਚੋਂ ਘਿਉ ਹੀ ਮੁੱਕ ਰਿਹਾ ਹੈ, ਇਸ ਲਈ ਇਸ ਦਾ ਬੁਝਣਾ ਨਿਸ਼ਚਿਤ ਹੈ। ਮੱਧਕਾਲੀ ਸਾਹਿਤ, ਵਿਰਸਾ ਹੋਣ ਕਰਕੇ, ਹਰ ਥਾਂ ਹਰ ਸਮੇਂ ਪੜ੍ਹਾਇਆ ਜਾਂਦਾ ਰਹੇਗਾ ਪਰ ਪੜ੍ਹਾਉਣ ਵਾਲੇ ਅਧਿਆਪਕ ਕਿੱਥੋਂ ਲੱਭਣਗੇ? ਇਹ ਸੋਚ ਕੇ ਸਿਰ ਚਕਰਾਅ ਜਾਂਦਾ ਹੈ। ਕਹਿੰਦੇ ਹਨ ਸ਼ੋਅ ਜਾਰੀ ਰਹਿਣਾ ਚਾਹੀਦਾ ਹੈ ਪਰ ਇਹ ਇਕ ਫਲਾਪ ਸ਼ੋਅ ਬਣ ਕੇ ਰਹਿ ਜਾਵੇਗਾ। ਕਹਿਣ ਦੀ ਲੋੜ ਨਹੀਂ ਕਿ ਪੰਜਾਬੀ ਵਿਚ ਵਿਸ਼ੇਸ਼ੱਗਾਂ ਜਾਂ ਮਾਹਿਰਾਂ ਦਾ ਕਾਲ ਪੈ ਰਿਹਾ ਹੈ, ਫੁਟਕਲੀਆਂ ਅਤੇ ਕੱਚਘਰੜਾਂ ਦੀ ਭਰਮਾਰ ਹੋ ਰਹੀ ਹੈ ਜਿਸ ਦਾ ਖਮਿਆਜ਼ਾ ਵਿਦਿਆਰਥੀਆਂ ਨੂੰ ਭੁਗਤਣਾ ਪੈ ਰਿਹਾ ਹੈ ਅਤੇ ਅੱਗੇ ਵੀ ਭੁਗਤਣਾ ਪਵੇਗਾ। ਪੰਜਾਬੀ ਵਿਚ ਡਾਕਟਰੇਟ ਦੀ ਡਿਗਰੀ ਹਾਸਲ ਕਰਨ ਵਾਲਿਆਂ ਦੀ ਗਿਣਤੀ ਤਾਂ ਧੜਾਧੜ ਵਧ ਰਹੀ ਹੈ ਪਰ ਵਿਦਵਤਾ ਵਿਚ ਨਿਘਾਰ ਆ ਰਿਹਾ ਹੈ ਅਤੇ ਇਹ ਉਲਾਰ ਵੀ ਹੋ ਰਹੀ ਹੈ।

ਸੰਨ 2018 ਵਿਚ ਪ੍ਰਕਾਸ਼ਿਤ ਮੇਰੀ ਪੁਸਤਕ 'ਪੰਜਾਬੀ ਖੋਜ ਸੰਦਰਭ' ਦੇ ਤੀਜੇ ਸੰਸਕਰਣ ਵਿਚ ਪੰਜਾਬੀ ਵਿਚ ਡਾਕਟਰੇਟ ਦੀ ਡਿਗਰੀ ਪ੍ਰਾਪਤ ਕਰਨ ਵਾਲਿਆਂ ਦੀ ਗਿਣਤੀ ਦੋ ਹਜ਼ਾਰ ਤੋਂ ਉਪਰ ਹੈ ਜੋ ਹੁਣ ਬਾਈ-ਤੇਈ ਸੌ ਤੋਂ ਉਪਰ ਹੋ ਗਈ ਹੋਵੇਗੀ, ਪਰ ਵਿਦਵਤਾ ਦੇ ਖੇਤਰ ਵਿਚ ਕਿੰਨੇ ਕੁ ਲੋਕ ਹੁਣ ਕਾਰਜਸ਼ੀਲ ਹਨ? ਇਹ ਇਕ ਵੱਡਾ ਪ੍ਰਸ਼ਨ ਹੈ। ਹੁਣ ਸਵਾਲ ਇਹ ਹੈ ਕਿ ਉਲਾਰ ਨੂੰ ਸੰਤੁਲਨ ਵਿਚ ਕਿਵੇਂ ਬਦਲਿਆ ਜਾਵੇ? ਇਸ ਦਾ ਮੈਨੂੰ ਇਕੋ ਇਕ ਹੱਲ ਇਹ ਪ੍ਰਤੀਤ ਹੁੰਦਾ ਹੈ ਕਿ ਖੋਜ ਵਿਸ਼ਿਆਂ ਬਾਰੇ ਮੁੜ ਤੋਂ ਸੋਚਿਆ ਜਾਵੇ। ਖੋਜ ਵਿਸ਼ਾ ਸੁਝਾਉਣ ਵਿਚ ਨਿਗਰਾਨ ਦੀ ਭੂਮਿਕਾ ਮਹੱਤਵਪੂਰਨ ਹੁੰਦੀ ਹੈ, ਇਸ ਲਈ ਇਹ ਜ਼ਿੰਮੇਵਾਰੀ ਨਿਗਰਾਨਾਂ (ਅਧਿਆਪਕਾਂ) ਨੂੰ ਹੀ ਨਿਭਾਉਣੀ ਪਵੇਗੀ, ਪਰ ਨਿਗਰਾਨਾਂ ਦਾ ਹਾਲ ਵੀ ਖੋਜ ਵਿਦਿਆਰਥੀਆਂ ਨਾਲੋਂ ਵੱਖਰਾ ਨਹੀਂ। ਉਹ ਵੱਧ ਤੋਂ ਵੱਧ ਵਿਦਿਆਰਥੀਆਂ ਨੂੰ ਮੇਰੀ ਪੁਸਤਕ 'ਪੰਜਾਬੀ ਖੋਜ ਸੰਦਰਭ' ਪੜ੍ਹਨ ਲਈ ਕਹਿ ਦੇਣਗੇ, ਪਰ ਉਹ ਆਪ ਨਹੀਂ ਸੋਚਣਗੇ। ਇਸੇ ਲਈ ਮੈਂ ਫ਼ੈਸਲਾ ਕਰ ਲਿਆ ਹੈ ਕਿ ਅਗਾਂਹ ਤੋਂ ਮੈਂ ਉਪਰੋਕਤ ਪੁਸਤਕ ਨੂੰ ਅਪਡੇਟ ਨਹੀਂ ਕਰਾਂਗਾ। ਅਫ਼ਸੋਸ ਇਹ ਹੈ ਕਿ ਨਿਗਰਾਨਾਂ ਨੇ ਆਪਣਾ ਖੋਜ ਧਰਮ ਇਮਾਨਦਾਰੀ ਨਾਲ ਨਹੀਂ ਨਿਭਾਇਆ। ਮੇਰੇ ਲਈ ਖੋਜ ਪੰਜਾਂ-ਦਸਾਂ ਸਾਲਾਂ ਵਿਚ ਮੁੱਕ ਜਾਣ ਵਾਲਾ ਕੰਮ ਨਹੀਂ, ਇਹ ਹੱਡਾਂ ਨਾਲ ਨਿਭਣ ਵਾਲਾ ਹੈ। ਅਜਿਹਾ ਤਾਂ ਹੀ ਸੰਭਵ ਹੈ ਜੇਕਰ ਖੋਜ ਵਿਸ਼ਾ ਸੰਭਾਵਨਾ ਭਰਪੂਰ ਹੈ। ਜੇਕਰ ਅਜਿਹਾ ਨਹੀਂ ਤਾਂ ਖੋਜ ਵਿਸ਼ਾ, ਖੋਜ ਪ੍ਰਬੰਧ ਮੁਕੰਮਲ ਹੋਣ ਨਾਲ ਹੀ ਦਮ ਤੋੜ ਜਾਵੇਗਾ। ਪੰਜਾਬੀ ਵਿਦਵਤਾ ਵਿਚ ਨਿਘਾਰ ਦਾ ਅਹਿਸਾਸ ਹੁਣ ਵੀ ਹੁੰਦਾ ਰਹਿੰਦਾ ਹੈ। ਮੈਨੂੰ ਯੂਨੀਵਰਸਿਟੀ ਤੋਂ ਸੇਵਾਮੁਕਤ ਹੋਇਆਂ ਬਾਰ੍ਹਾਂ ਸਾਲ ਹੋ ਗਏ ਹਨ ਪਰ ਖੋਜ ਵਿਦਿਆਰਥੀਆਂ ਦੀਆਂ ਪੁੱਛਾਂ ਅੱਜ ਵੀ ਉਸੇ ਤਰ੍ਹਾਂ ਬਰਕਰਾਰ ਹਨ। ਪੰਜਾਬੀ ਵਿਚ ਖੋਜ ਵਿਸ਼ਿਆਂ ਦੀ ਕੋਈ ਕਮੀ ਨਹੀਂ, ਲੋੜ ਸਿਰਫ਼ ਸੰਜੀਦਗੀ ਨਾਲ ਸੋਚਣ ਅਤੇ ਮਿਹਨਤ ਕਰਨ ਦੀ ਹੈ।

ਪਿਛਲੇ ਕੁਝ ਸਮੇਂ ਤੋਂ ਪੱਛਮੀ ਸਾਹਿਤ ਅਧਿਐਨ ਵਿਧੀਆਂ ਦੇ ਨਾਂ ਉਪਰ ਖੋਜ ਪ੍ਰਬੰਧ ਮੁਕੰਮਲ ਕਰ ਕੇ ਡਿਗਰੀਆਂ ਲੈ ਲਈਆਂ ਗਈਆਂ ਪਰ ਉਹ ਖੋਜਕਾਰ ਉਨ੍ਹਾਂ ਤੋਂ ਅੱਗੇ ਨਹੀਂ ਤੁਰੇ। ਬਹੁਤੇ ਖੋਜਕਾਰਾਂ ਵਿਚ ਤਾਂ ਡਿਗਰੀ ਲੈਣ ਨਾਲ ਹੀ ਅਗਲੇਰੀ ਖੋਜ ਦੀ ਇੱਛਾ ਮਰ ਮੁੱਕ ਜਾਂਦੀ ਹੈ। ਜੇਕਰ ਕੋਈ ਅੱਗੇ ਉਸ ਅਧਿਐਨ ਵਿਧੀ ਸਹਾਰੇ ਆਪਣਾ ਕੰਮ ਜਾਰੀ ਰੱਖਣਾ ਚਾਹੁੰਦਾ ਹੋਵੇ ਤਾਂ ਉਸ ਨੂੰ ਕੋਈ ਸੰਭਾਵਨਾ ਦਿਸਦੀ ਹੀ ਨਹੀਂ। ਇੰਜ ਵਿਧੀ ਦੀ ਸੀਮਾ ਖੋਜਕਾਰ ਦੀ ਆਪਣੀ ਸੀਮਾ ਬਣ ਨਿੱਬੜਦੀ ਹੈ। ਜੇ ਕੋਈ ਉਤਸ਼ਾਹੀ ਖੋਜਕਾਰ ਆਪਣੇ ਕੰਮ ਨੂੰ ਜਾਰੀ ਰੱਖਣਾ ਚਾਹੁੰਦਾ ਹੈ ਤਾਂ ਉਸ ਨੂੰ ਖੇਤਰ ਬਦਲਣਾ ਪਵੇਗਾ। ਪੰਜਾਬੀ ਵਿਦਵਤਾ ਵਿਚ ਨਿਘਾਰ ਵੀ ਇਸੇ ਕਰਕੇ ਆਇਆ ਹੈ ਕਿਉਂਕਿ ਸਾਡੀ ਸੋਚ ਅਤੇ ਦ੍ਰਿਸ਼ਟੀ ਸੰਭਾਵਨਾ ਭਰਪੂਰ ਨਹੀਂ। ਖੋਜ ਸਬੰਧੀ ਆਪਣੀਆਂ ਤਿੰਨੇ ਪੁਸਤਕਾਂ, 'ਪੰਜਾਬੀ ਖੋਜ 'ਚ ਇਤਿਹਾਸ', 'ਪੰਜਾਬੀ ਖੋਜ ਸੰਦਰਭ' ਅਤੇ 'ਖੋਜ ਵਿਧੀ ਵਿਗਿਆਨ ਅਤੇ ਪੰਜਾਬੀ ਖੋਜਕਾਰ' ਲਿਖਣ ਦਾ ਮਕਸਦ ਇਹੋ ਸੀ ਕਿ ਪੰਜਾਬੀ ਖੋਜ ਨਵੇਂ ਦਿਸਹੱਦੇ ਤਲਾਸ਼ ਕਰੇ ਪਰ ਉਹ ਆਸ ਪੂਰੀ ਨਹੀਂ ਹੋਈ। ਅੱਜ ਵੀ ਨਿਕਟ ਜਾਂ ਅੰਤਰੰਗ ਅਧਿਐਨ ਬਹਾਨੇ ਨਿੱਕੇ-ਨਿੱਕੇ ਵਿਸ਼ੇ ਚੁਣੇ ਜਾ ਰਹੇ ਹਨ, ਦੁਹਰਾਉ ਵੀ ਹੋ ਰਿਹਾ ਹੈ ਅਤੇ ਨਵੇਂ ਖੇਤਰਾਂ ਵੱਲ ਅਸੀਂ ਪਿੱਠ ਵੀ ਕੀਤੀ ਹੋਈ ਹੈ।

# ਖੋਟਾ ਸਿੱਕਾ ਖਰਾ ਨਿੱਕਲਿਆ...

2007 ਵਿਚ 12ਵੀਂ ਪਾਸ ਕਰਕੇ ਪੜ੍ਹਨੋਂ ਹਟ ਗਿਆ ਸਾਂ ਪਰ ਪੜ੍ਹਨ ਦੀ ਇੱਛਾ ਬਹੁਤ ਸੀ। ਇਸ ਲਈ ਜੁਲਾਈ 2011 ਵਿਚ ਗੌਰਮਿੰਟ ਆਰਟਸ ਐਂਡ ਸਪੋਰਟਸ ਕਾਲਜ ਵਿਚ ਦਾਖਲੇ ਲਈ ਗਿਆ। ਉਥੇ ਮੈਨੂੰ ਸਫਾਈ ਕਰਮਚਾਰੀ

**ਵਿਪਨ ਕੁਮਾਰ**
**ਫੋਨ: +91-94636-13986**

ਮਿਲੇ; ਕਹਿੰਦੇ, "ਹੁਣ ਤਾਂ ਦਾਖਲੇ ਹੋ ਚੁੱਕੇ ਨੇ, ਤੂੰ ਅਗਲੇ ਸਾਲ ਆਈਂ।" ਮੈਂ ਪੁੱਛਿਆ ਕਿ ਦਾਖਲੇ ਕਦੋਂ ਸ਼ੁਰੂ ਹੁੰਦੇ? ਉਨ੍ਹਾਂ ਦੱਸਿਆ, "25 ਜੂਨ ਤੋਂ ਪ੍ਰਾਸਪੈਕਟ ਮਿਲਣੇ ਸ਼ੁਰੂ ਹੋ ਜਾਂਦੇ।" ਸੋ, ਮੈਂ 25 ਜੂਨ 2012 ਨੂੰ ਦੁਬਾਰਾ ਕਾਲਜ ਗਿਆ ਤੇ ਪ੍ਰਾਸਪੈਕਟ ਲੈ ਆਇਆ। ਜਦ ਦਾਖਲਾ ਕਮੇਟੀ ਅੱਗੇ ਪੇਸ਼ ਹੋਇਆ ਤਾਂ ਕਮੇਟੀ ਵਿਚ ਮੌਜੂਦ ਅਧਿਆਪਕਾਂ ਨੇ ਮੈਨੂੰ ਇਹ ਕਹਿ ਕੇ ਵਾਪਸ ਭੇਜ ਦਿੱਤਾ- ਅਸੀਂ ਤਾਂ ਇਕ ਸਾਲ ਦੇ ਵਕਫ਼ੇ ਵਾਲਾ ਵਿਦਿਆਰਥੀ ਨਹੀਂ ਲੈਂਦੇ, ਤੇਰਾ ਤਾਂ ਪੰਜ ਸਾਲ ਦਾ ਵਕਫ਼ਾ ਹੈ।

ਮੈਂ ਵੀ ਹਿੰਮਤ ਨਾ ਹਾਰੀ। ਆਪਣੀ ਮਾਂ ਨੂੰ ਨਾਲ ਲੈ ਗਿਆ ਪਰ ਉਹ ਵੀ ਠੀਕ ਤਰ੍ਹਾਂ ਮੇਰਾ ਪੱਖ ਨਾ ਰੱਖ ਸਕੀ ਜਿਸ ਕਰਕੇ ਅਧਿਆਪਕਾਂ ਨੇ ਦਾਖਲਾ ਦੇਣ ਤੋਂ ਉੱਕਾ ਮਨ੍ਹਾ ਕਰ ਦਿੱਤਾ। ਫਿਰ ਦਾਖਲਾ ਕਿਵੇਂ ਹੋਇਆ, ਬਿਲਕੁੱਲ ਵੱਖਰੀ ਕਹਾਣੀ ਹੈ।

9 ਜੁਲਾਈ 2012 ਕਾਲਜ ਵਿਚ ਮੇਰਾ ਪਹਿਲਾ ਦਿਨ ਸੀ। ਮੈਂ ਕਲਾਸ ਦੇ ਸਾਰੇ ਵਿਦਿਆਰਥੀਆਂ ਤੋਂ ਉਮਰ ਵਿਚ ਵੱਡਾ ਸਾਂ। ਇਕ ਤਰ੍ਹਾਂ ਨਾਲ ਵੱਡਾ ਇਮਤਿਹਾਨ ਹੀ ਸੀ! ਕਾਲਜ ਦੀ ਵਾਈਸ ਪ੍ਰਿੰਸੀਪਲ ਨੇ ਕਿਹਾ ਸੀ ਕਿ ਮੈਂ ਦਾਖਲਾ ਤਾਂ ਲੈ ਲੈਣਾ ਹੈ ਪਰ ਕਾਲਜ ਵੜਨਾ ਨਹੀਂ। ਇਸ ਲਈ ਮੈਂ ਹਰ ਮੁਕਾਬਲੇ ਵਿਚ ਭਾਗ ਲੈਣਾ ਸ਼ੁਰੂ ਕਰ ਦਿੱਤਾ। ਸੋਚ ਲਿਆ ਸੀ ਕਿ ਘਬਰਾਉਣਾ ਨਹੀਂ, ਸੰਗ-ਸ਼ਰਮ ਨਹੀਂ ਮੰਨਣੀ, ਬੱਸ ਚੁੱਪ ਕਰਕੇ ਸਟੇਜ 'ਤੇ ਚੜ੍ਹ ਜਾਣਾ ਹੈ ਤੇ ਬਿਨਾਂ ਡਰੇ ਆਪਣੀ ਪੇਸ਼ਕਾਰੀ ਦੇਣੀ ਹੈ। ਇਹੀ ਵਜ੍ਹਾ ਸੀ ਕਿ ਗੁਰੂ ਨਾਨਕ ਦੇਵ ਯੂਨੀਵਰਸਿਟੀ ਦੇ ਯੂਥ ਫੈਸਟੀਵਲ ਵਿਚ ਡਿਬੇਟ ਮੁਕਾਬਲੇ ਵਿਚ ਮੇਰੀ ਅਤੇ ਮੇਰੇ ਸਾਥੀ ਦੀ ਤੀਜੀ ਪੁਜ਼ੀਸ਼ਨ ਆਈ। ਹਾਸ ਵਿਅੰਗ ਕਵਿਤਾ ਮੁਕਾਬਲੇ ਵਿਚ ਮੈਂ ਸੰਤਾ-ਬੰਤਾ ਕੋਲੋਂ ਸਪੈਸ਼ਲ ਇਨਾਮ ਜਿੱਤਿਆ ਅਤੇ ਦੂਰਦਰਸ਼ਨ 'ਤੇ ਉਨ੍ਹਾਂ ਨਾਲ ਦੋ ਸਕਿੱਟਾਂ ਵਿਚ ਕੰਮ ਵੀ ਕੀਤਾ। ਇਸ ਤੋਂ ਇਲਾਵਾ ਆਪਣੀ ਕਲਾਸ ਵਿਚ ਪਹਿਲੇ ਪੰਜ ਸਮੈਸਟਰ ਪਹਿਲਾ ਸਥਾਨ ਤੇ ਛੇਵੇਂ ਸਮੈਸਟਰ ਵਿਚ ਦੂਜਾ ਸਥਾਨ ਹਾਸਲ ਕੀਤਾ ਸੀ। ਦੂਜੇ ਤੇ ਤੀਜੇ ਸਮੈਸਟਰ ਦੌਰਾਨ ਮੇਰਾ ਯੂਨੀਵਰਸਿਟੀ ਦੀ ਮੈਰਿਟ ਲਿਸਟ ਵਿਚ ਨਾਮ ਦਰਜ ਸੀ।

ਜਦ ਮੈਂ ਦਾਖਲਾ ਲੈਣ ਗਿਆ ਸੀ ਤਾਂ ਮੇਰੇ ਪੰਜ ਸਾਲ ਦੇ ਵਕਫ਼ੇ ਕਰਕੇ ਕੁਝ ਅਧਿਆਪਕਾਂ ਨੇ ਮੈਨੂੰ ਦਾਖਲਾ ਦੇਣ ਤੋਂ ਤਾਂ ਸਾਫ਼ ਇਨਕਾਰ ਕਰ ਦਿੱਤਾ ਸੀ ਪਰ ਬਾਅਦ ਵਿਚ ਮੈਂ ਉਨ੍ਹਾਂ ਹੀ ਅਧਿਆਪਕਾਂ ਦਾ ਚਹੇਤਾ ਵਿਦਿਆਰਥੀ ਸਾਂ।

ਪੜ੍ਹਾਈ ਦੇ ਵਕਫ਼ੇ ਦੌਰਾਨ ਮੈਂ ਬੜੇ ਕੰਮ ਕੀਤੇ। ਖੇਤਾਂ ਵਿਚ, ਫੈਕਟਰੀਆਂ ਵਿਚ, ਪੈਲੇਸਾਂ ਵਿਚ ਬੈਰ੍ਹਾਗਿਰੀ ਕੀਤੀ, ਸੜਕਾਂ 'ਤੇ ਸਾਈਨ ਬੋਰਡ ਲਗਾਏ, ਰੰਗ-ਰੋਗਨ ਦਾ ਕੰਮ ਕੀਤਾ, ਮਿਸਤਰੀ ਨਾਲ ਦਿਹਾੜੀਆਂ ਕੀਤੀਆਂ, ਦਵਾਈਆਂ ਵਾਲੀ ਦੁਕਾਨ 'ਤੇ ਕੰਮ ਕੀਤਾ, ਏਅਰਟੈੱਲ ਦੇ ਕਾਲ ਸੈਂਟਰ ਵਿਚ ਵੀ ਕੰਮ ਕੀਤਾ। ਕਾਲਜ ਪੜ੍ਹਦਿਆਂ ਵੀ ਕੰਮ ਬੰਦ ਨਹੀਂ ਕੀਤਾ। ਪਹਿਲਾ ਦਵਾਈਆਂ ਵਾਲੀ ਦੁਕਾਨ 'ਤੇ ਕੰਮ ਕਰਦਾ ਰਿਹਾ। ਤਿੰਨ ਵਜੇ ਕਾਲਜ ਤੋਂ ਵਿਹਲਾ ਹੋ ਕੇ ਦੁਕਾਨ 'ਤੇ ਰਾਤ ਸਾਢੇ ਨੌਂ ਵਜੇ ਤੱਕ ਕੰਮ ਕਰਦਾ। ਦਵਾਈਆਂ ਵਾਲੀ ਦੁਕਾਨ 'ਤੇ ਅੱਧਾ ਦਿਨ ਜਾਣ ਕਰਕੇ ਤਨਖਾਹ ਘੱਟ ਸੀ। ਫੇਰ ਇਕ ਅਖਬਾਰ ਵਿਚ ਅਨੁਵਾਦਕ (ਹਿੰਦੀ ਤੋਂ ਪੰਜਾਬੀ) ਦੇ ਤੌਰ 'ਤੇ ਕੰਮ ਕੀਤਾ। ਉਥੇ ਮੇਰੀ ਤਨਖਾਹ 6000 ਰੁਪਏ ਸੀ। ਕਾਲਜ ਵਿਚੋਂ ਤਿੰਨ ਵਜੇ ਵਿਹਲਾ ਹੋ ਕੇ ਮੈਂ ਘਰ ਜਾਣ ਦੀ ਬਜਾਇ ਕਾਲਜ ਹੀ ਬੈਠ ਕੇ ਪੜ੍ਹਦਾ ਰਹਿੰਦਾ। ਉਥੇ ਮੈਨੂੰ ਪੰਜ ਤੋਂ ਦਸ ਵਜੇ ਤੱਕ ਕੰਮ ਕਰਨਾ ਪੈਂਦਾ ਸੀ ਪਰ ਮੈਨੂੰ ਇਕ-ਦੋ ਵੱਜ ਜਾਂਦੇ। ਦੇਰ ਹੋ ਜਾਣ ਕਾਰਨ ਮੈਨੂੰ ਕਈ ਵਾਰ ਜਲੰਧਰ ਦੇ ਬੱਸ ਅੱਡੇ ਜਾ ਕੇ ਰਾਤ ਬਿਤਾਉਣੀ ਪੈਂਦੀ ਕਿਉਂਕਿ ਸਰਦੀਆਂ ਦੇ ਦਿਨ ਸਨ ਅਤੇ ਸਾਡੇ ਪਿੰਡ ਲੁੱਟਾਂ-ਖੋਹਾਂ ਦੇ ਮਾਮਲੇ ਵਧ ਰਹੇ ਸਨ। ਮਾਂ ਹਮੇਸ਼ਾ ਡਰੀ ਰਹਿੰਦੀ। ਸੋ, ਮੈਂ ਉਥੋਂ ਮਾਂ ਦੇ ਕਹਿਣ 'ਤੇ ਕੰਮ ਛੱਡ ਦਿੱਤਾ। ਫਿਰ ਇਕ ਨਿਊਜ਼ ਚੈਨਲ ਵਿਚ ਸਕ੍ਰਿਪਟ ਰਾਈਟਰ ਦੇ ਤੌਰ 'ਤੇ ਕੰਮ ਕੀਤਾ। ਸ਼ਾਮੀ ਪੰਜ ਵਜੇ ਜਾਣਾ ਹੁੰਦਾ ਸੀ। ਉਥੋਂ ਮੈਂ ਸਾਢੇ ਦਸ ਕੁ ਵਜੇ ਵਿਹਲਾ ਹੋ ਜਾਂਦਾ ਸਾਂ।

ਮੁੱਕਦੀ ਗੱਲ, ਜਿਸ ਨੂੰ ਮੇਰੇ ਵਾਈਸ ਪ੍ਰਿੰਸੀਪਲ ਮੈਡਮ 'ਖੋਟਾ' ਸਿੱਕਾ ਸਮਝ ਰਹੇ ਸਨ, ਉਹਨੇ ਪੰਜ ਸਾਲ ਦੇ ਵਕਫ਼ੇ ਬਾਅਦ 'ਖਰਾ' ਬਣਨ ਦੀ ਪੂਰੀ ਕੋਸ਼ਿਸ਼ ਕੀਤੀ। 'ਖਰਾ' ਬਣਨ ਦੀ ਕੋਸ਼ਿਸ਼ ਤਾਂ ਅਜੇ ਵੀ ਜਾਰੀ ਹੈ ਪਰ ਇਕ ਗੱਲ ਪੱਕੀ ਸੀ ਕਿ ਮੈਂ 'ਖੋਟਾ' ਬਿਲਕੁਲ ਨਹੀਂ ਸਾਂ। ਇਸੇ ਤਰ੍ਹਾਂ ਬਹੁਤ ਸਾਰੇ ਬੱਚੇ ਹੋਣਗੇ ਜਿਹੜੇ ਘਰ ਦੀਆਂ ਮਜਬੂਰੀਆਂ, ਤੰਗੀਆਂ-ਤੁਰਸ਼ੀਆਂ ਕਰਕੇ ਪੜ੍ਹਾਈ ਛੱਡ ਗਏ ਹੋਣਗੇ ਜਾਂ ਛੱਡਣ ਬਾਰੇ ਸੋਚ ਰਹੇ ਹੋਣਗੇ। ਉਨ੍ਹਾਂ ਨੂੰ ਸਲਾਹ ਹੈ ਕਿ ਹਾਰ ਨਾ ਮੰਨੋ। ਇਕ ਵਾਰ ਕੋਸ਼ਿਸ਼ ਜ਼ਰੂਰ ਕਰੋ। ਅੱਜ ਮੈਂ ਦਿੱਲੀ ਯੂਨੀਵਰਸਿਟੀ ਤੋਂ ਪੀਐਚ.ਡੀ. ਕਰ ਰਿਹਾ ਹਾਂ।

# ਵਿਗਿਆਨਕ ਕਹਾਣੀਆਂ ਦਾ ਰਚੇਤਾ ਅਜਮੇਰ ਸਿੱਧੂ

***ਅਜਮੇਰ ਸਿੱਧੂ ਦਾ ਸ਼ੁਮਾਰ ਸਮਕਾਲੀ ਪੰਜਾਬੀ ਸਾਹਿਤ ਜਗਤ ਦੇ ਪ੍ਰਮੁੱਖ ਕਹਾਣੀਕਾਰਾਂ ਵਿਚ ਕੀਤਾ ਜਾਂਦਾ ਹੈ। ਇਹ ਸਥਾਨ ਉਸ ਨੇ ਆਪਣੀ ਵਿਸ਼ੇਸ਼ ਕਲਾ-ਕੌਸ਼ਲ ਤੇ ਸਖ਼ਤ ਮਿਹਨਤ ਸਦਕਾ ਹਾਸਿਲ ਕੀਤਾ ਹੈ। ਉਸ ਦੁਆਰਾ ਰਚਿਤ ਸਾਹਿਤਕ ਸੰਸਾਰ ਮੁੱਖ ਤੌਰ ਉੱਤੇ ਸਮਾਜਿਕ, ਆਰਥਿਕ ਤੇ ਰਾਜਨੀਤਕ ਸਰੋਕਾਰਾਂ ਨਾਲ ਓਤ-ਪੋਤ ਹੈ। ਉਹ ਪੰਜਾਬੀ ਭਾਸ਼ਾ ਵਿਚ ਵਿਗਿਆਨ ਪ੍ਰਸਾਰ ਕਾਰਜਾਂ ਲਈ ਵੀ ਲਗਾਤਾਰ ਯਤਨਸ਼ੀਲ ਰਿਹਾ ਹੈ। ਇਸ ਲੇਖ ਵਿਚ ਕੈਨੇਡਾ ਵੱਸਦੇ ਲਿਖਾਰੀ ਡਾ. ਡੀ.ਪੀ. ਸਿੰਘ ਨੇ ਅਜਮੇਰ ਸਿੱਧੂ ਦੀਆਂ ਕਹਾਣੀਆਂ ਵਿਚ ਪੇਸ਼ ਵਿਗਿਆਨਕ ਧਾਰਨਾਵਾਂ ਦਾ ਜ਼ਿਕਰ ਕੀਤਾ ਹੈ।***

ਤਰਕਸ਼ੀਲ, ਕ੍ਰਾਂਤੀਕਾਰੀ ਤੇ ਵਿਗਿਆਨਕ ਚੇਤਨਾ ਦੇ ਮਾਲਿਕ ਅਜਮੇਰ ਸਿੱਧੂ ਦਾ ਸ਼ੁਮਾਰ ਸਮਕਾਲੀ ਪੰਜਾਬੀ ਸਾਹਿਤ ਜਗਤ ਦੇ ਪ੍ਰਮੁੱਖ ਕਹਾਣੀਕਾਰਾਂ ਵਿਚ ਕੀਤਾ ਜਾਂਦਾ ਹੈ। ਇਹ ਸਥਾਨ ਉਸ ਨੇ ਆਪਣੀ ਵਿਸ਼ੇਸ਼ ਕਲਾ-ਕੌਸ਼ਲ ਤੇ ਸਖ਼ਤ ਮਿਹਨਤ ਸਦਕਾ ਹਾਸਿਲ ਕੀਤਾ ਹੈ। ਭਾਵੇਂ ਉਸ ਦੁਆਰਾ ਰਚਿਤ ਸਾਹਿਤਕ ਸੰਸਾਰ ਮੁੱਖ ਤੌਰ ਉੱਤੇ ਸਮਾਜਿਕ, ਆਰਥਿਕ ਤੇ ਰਾਜਨੀਤਕ ਸਰੋਕਾਰਾਂ ਨਾਲ ਓਤ ਪ੍ਰੋਤ ਹੈ ਪਰ ਕਿਉਂਕਿ ਉਹ ਵਿਗਿਆਨ

ਡਾ. ਡੀ.ਪੀ. ਸਿੰਘ (ਕੈਨੇਡਾ)

ਦਾ ਵਿਦਿਆਰਥੀ ਵੀ ਹੈ ਤੇ ਅਧਿਆਪਕ ਵੀ, ਇਸੇ ਕਾਰਨ ਉਹ ਪੰਜਾਬੀ ਭਾਸ਼ਾ ਵਿਚ ਵਿਗਿਆਨ ਪ੍ਰਸਾਰ ਕਾਰਜਾਂ ਲਈ ਵੀ ਲਗਾਤਾਰ ਯਤਨਸ਼ੀਲ ਰਿਹਾ ਹੈ। ਅਜਮੇਰ ਸਿੱਧੂ ਲਗਭਗ ਇੱਕੀ ਸਾਲ ਤਕ 'ਵਿਗਿਆਨ ਜੋਤ' ਨਾਮੀ ਵਿਗਿਆਨ ਰਸਾਲੇ ਦਾ ਸੰਪਾਦਕ ਰਿਹਾ ਹੈ। ਇਸ ਜ਼ੁੰਮੇਵਾਰੀ ਨੂੰ ਨਿਭਾਉਂਦਿਆਂ ਉਸ ਨੇ ਅਨੇਕ ਨਵੇਂ ਵਿਗਿਆਨ ਲੇਖਕਾਂ ਨੂੰ ਉਤਸ਼ਾਹਿਤ ਕਰਨ ਵਿਚ ਪ੍ਰਸੰਸਾਯੋਗ ਰੋਲ ਨਿਭਾਇਆ ਹੈ। ਇਸ ਦੇ ਨਾਲ ਹੀ ਉਸ ਨੇ ਸਮੇਂ ਸਮੇਂ ਵਿਭਿੰਨ ਵਿਗਿਆਨਕ ਵਿਸ਼ਿਆਂ ਸਬੰਧਤ ਲੇਖ ਤੇ ਕਹਾਣੀਆਂ ਰਚ ਕੇ ਵਿਗਿਆਨ ਪ੍ਰਸਾਰ ਯਤਨਾਂ ਨੂੰ ਹੋਰ ਵੀ ਬਲ ਬਖ਼ਸ਼ਿਆ ਹੈ। ਇਸ ਲਈ ਉਸ ਦਾ ਸ਼ੁਮਾਰ ਅਜਿਹੇ ਮੁੱਢਲੇ ਵਿਗਿਆਨ ਲੇਖਕਾਂ ਵਿਚ ਵੀ ਕੀਤਾ ਜਾਣਾ ਉਚਿਤ ਹੈ ਜੋ ਪੰਜਾਬੀ ਭਾਸ਼ਾ ਵਿਚ ਵਿਗਿਆਨ ਪ੍ਰਸਾਰ ਕਾਰਜਾਂ ਲਈ ਹਮੇਸ਼ਾ ਹੀ ਤਤਪਰ ਰਹੇ/ਰਹਿੰਦੇ ਹਨ।


ਵਿਗਿਆਨਕ ਸੋਚ ਅਤੇ ਗਿਆਨ ਦੇ ਪ੍ਰਸਾਰ ਹਿਤ ਉਸ ਨੇ ਵਿਗਿਆਨਕ ਵਿਸ਼ਿਆਂ ਬਾਰੇ ਹੁਣ ਤਕ ਸੱਤ ਕਹਾਣੀਆਂ ਮਾਂ-ਬੋਲੀ ਪੰਜਾਬੀ ਦੀ ਝੋਲੀ ਵਿਚ ਪਾਈਆਂ ਹਨ। ਉਸ ਦੁਆਰਾ ਰਚਿਤ ਵਿਗਿਆਨਕ ਕਹਾਣੀਆਂ ਨਾਲ ਪਾਠਕਾਂ ਦੀ ਸਾਂਝ ਪੁਆਉਣਾ ਹੀ ਇਸ ਲੇਖ ਦਾ ਵਿਸ਼ਾ ਹੈ। ਅਜਮੇਰ ਦੀਆਂ ਵਿਗਿਆਨ ਸੰਬੰਧਤ ਕਹਾਣੀਆਂ ਦੇ ਵਿਸ਼ਲੇਸ਼ਣ ਤੋਂ ਪਹਿਲਾਂ ਵਿਗਿਆਨ ਕਹਾਣੀਆਂ ਦੀ ਵਰਗ ਵੰਡ ਨੂੰ ਸਮਝ ਲੈਣਾ ਸਹੀ ਰਹੇਗਾ। ਵਿਗਿਆਨਕ ਵਿਸ਼ਿਆਂ ਸੰਬੰਧਤ ਕਹਾਣੀਆਂ ਨੂੰ ਆਮ ਕਰਕੇ ਚਾਰ ਵਰਗਾਂ ਵਿਚ ਵੰਡਿਆਂ ਜਾਂਦਾ ਹੈ। ਇਹ ਵਰਗ ਹਨ:

ਵਿਗਿਆਨ ਸੂਚਨਾਤਮਕ ਕਹਾਣੀ: ਅਜਿਹੀ ਕਹਾਣੀ ਕਿਸੇ ਵਿਗਿਆਨਕ ਸਿਧਾਂਤ ਜਾਂ ਵਰਤਾਰੇ ਦਾ ਮਨੋ-ਵਚਨੀ ਜਾਂ ਵਾਰਤਾਲਾਪੀ ਬਿਰਤਾਂਤ ਹੁੰਦੀ ਹੈ। ਇਸ ਵਿਚ ਵਿਗਿਆਨ ਜਾਂ ਤਕਨਾਲੋਜੀ ਦੇ ਮੌਜੂਦਾ ਪੱਧਰ ਅਧਾਰਿਤ ਸਿਧਾਂਤ ਜਾਂ ਵਰਤਾਰੇ ਦਾ ਸਮਕਾਲੀ ਸਮਾਜ ਦੇ ਵਿਭਿੰਨ ਪੱਖਾਂ ਉੱਤੇ ਪ੍ਰਭਾਵਾਂ ਦਾ ਵਰਨਣ ਵੀ ਸ਼ਾਮਿਲ ਹੋ ਸਕਦਾ ਹੈ।

ਵਿਗਿਆਨ ਗਲਪ ਕਹਾਣੀ: ਇਹ ਗਲਪ ਦੀ ਇੱਕ ਸ਼ੈਲੀ ਹੈ ਜਿਸ ਵਿਚ ਕਹਾਣੀਆਂ ਅਕਸਰ ਭਵਿੱਖ ਦੇ ਵਿਗਿਆਨ ਅਤੇ ਤਕਨਾਲੋਜੀ ਬਾਰੇ ਦੱਸਦੀਆਂ ਹਨ। ਵਿਗਿਆਨ ਗਲਪ ਦਾ ਵਿਗਿਆਨ ਦੇ ਸਿਧਾਂਤਾਂ ਨਾਲ ਗਹਿਰਾ ਰਿਸ਼ਤਾ ਹੁੰਦਾ ਹੈ। ਇਹ ਕਹਾਣੀਆਂ ਅੰਸ਼ਕ ਰੂਪ ਵਿਚ ਵਿਗਿਆਨ ਦੇ ਸਥਾਪਿਤ ਜਾਂ ਕਲਪਿਤ ਸਿਧਾਂਤਾਂ ਆਧਾਰਿਤ ਹੁੰਦੀਆਂ ਹਨ। ਅਜਿਹੀ ਕਹਾਣੀ ਦਾ ਘਟਨਾ ਬਿਰਤਾਂਤ ਅਕਸਰ ਭਵਿੱਖ ਵਿਚ, ਪੁਲਾੜ ਵਿਚ, ਕਿਸੇ ਵੱਖਰੀ ਦੁਨੀਆਂ ਜਾਂ ਕਿਸੇ ਹੋਰ ਬ੍ਰਹਿਮੰਡ ਵਿਚ ਵਾਪਰਦਾ ਦਰਸਾਇਆ ਜਾਂਦਾ ਹੈ। ਅਜਿਹੀ ਕਹਾਣੀ ਦਾ ਬਿਰਤਾਂਤ ਪੂਰੀ ਤਰ੍ਹਾਂ ਅਵਿਸ਼ਵਾਸ਼ਯੋਗ ਨਹੀਂ ਹੋਣਾ ਚਾਹੀਦਾ ਹੈ, ਨਹੀ ਤਾਂ ਫਿਰ ਅਜਿਹੀ ਕਹਾਣੀ ਕਲਪਨਾ ਸ਼ੈਲੀ ਦਾ ਰੂਪ ਧਾਰ ਲੈਂਦੀ ਹੈ।

ਕਲਪਿਤ ਕਹਾਣੀ: ਅਜਿਹੀ ਕਹਾਣੀ ਪੂਰਨ ਤੌਰ ਉੱਤੇ ਵਿਗਿਆਨਕ ਸਿਧਾਂਤਾਂ ਤੋਂ ਮੁਕਤ ਕਲਪਨਾ ਦੀ ਉਡਾਣ ਦਾ ਪ੍ਰਗਟਾ ਹੁੰਦੀ ਹੈ ਜੋ ਅਕਸਰ ਗੈਰ-ਯਕੀਨੀ ਤੱਥਾਂ (ਖਾਸ ਕਰ ਜਾਦੂਈ ਵਰਤਾਰਿਆ ਜਾਂ ਕਰਾਮਾਤਾਂ) ਨਾਲ ਭਰਪੂਰ ਹੁੰਦੀ ਹੈ। ਅਜਿਹੇ ਗੈਰ-ਯਕੀਨੀ ਤੱਥਾਂ ਨੂੰ ਵਾਸਤਵਿਕਤਾ ਦਾ ਮੁਲੰਮਾ ਚੜ੍ਹਾਉਣ ਲਈ ਰਚਨਕਾਰ ਅਕਸਰ ਵਿਗਿਆਨਕ ਸ਼ਬਦਾਵਲੀ ਦੀ ਵਰਤੋਂ ਵੀ ਕਰ ਲੈਂਦੇ ਹਨ।

ਵਿਗਿਆਨਕ ਚਿੰਨ੍ਹਵਾਦ ਵਾਲੀ ਕਹਾਣੀ: ਚਿੰਨ੍ਹਵਾਦ ਸਾਹਿਤਕ ਤਕਨੀਕ ਹੈ ਜੋ ਕਿਸੇ ਹੋਰ ਚੀਜ਼ ਨੂੰ ਦਰਸਾਉਣ ਲਈ ਕਿਸੇ ਘਟਨਾ ਜਾਂ ਵਸਤੂ ਨੂੰ ਚਿੰਨ੍ਹ ਵਜੋਂ ਵਰਤ ਕੇ ਸਬੰਧਤ ਕਹਾਣੀ ਦਾ ਅਰਥ ਪ੍ਰਗਟ ਕਰਦੀ ਹੈ। ਵਿਗਿਆਨਕ ਚਿੰਨ੍ਹਵਾਦ ਵਾਲੀ ਕਹਾਣੀ ਕਿਸੇ ਘਟਨਾ ਜਾਂ ਵਸਤੂ ਨੂੰ ਪ੍ਰਗਟ ਕਰਨ ਲਈ ਵਿਗਿਆਨ ਸੰਬੰਧਤ ਚਿੰਨ੍ਹਾਂ/ਵਸਤੂਆਂ ਦੀ ਵਰਤੋਂ ਕਰਦੀ ਹੈ।



ਆਉ ਜਾਣੀਏ ਕਿ ਅਜਮੇਰ ਸਿੱਧੂ ਦੀਆਂ ਵਿਗਿਆਨ ਕਹਾਣੀਆਂ ਉਪਰੋਕਤ ਵਰਗ-ਵੰਡ ਦੀ ਕਿਹੜੀ ਵੰਨਗੀ ਨਾਲ ਸਬੰਧ ਰੱਖਦੀਆਂ ਹਨ। ਅਜਮੇਰ ਸਿੱਧੂ ਦੀ ਕਹਾਣੀ 'ਕਿਊਟਾ-ਕਿਊਟਾ, ਤਾਰੇ-ਤਾਰੇ' ਵਿਗਿਆਨ ਦੇ ਜੜ੍ਹਤਾ ਦੇ ਨਿਯਮ ਦਾ ਵਰਨਣ ਕਰਦੀ ਹੈ। ਦੁਨੀਆ ਦੇ ਅਨੇਕ ਪ੍ਰਾਚੀਨ ਗ੍ਰੰਥਾਂ ਵਿਚ ਜੜ੍ਹਤਾ ਦੀ ਧਾਰਨਾ ਦਾ ਵਰਣਨ ਮਿਲਦਾ ਹੈ। ਵਰਨਣਯੋਗ ਹੈ ਕਿ ਪ੍ਰਸਿੱਧ ਪ੍ਰਾਚੀਨ ਵਿਦਵਾਨ ਅਰਸਤੂ ਨੇ ਵੀ ਗਤੀਸ਼ੀਲ ਵਸਤੂ ਦੇ ਚਲਦੇ ਰਹਿਣ ਦੀ ਪ੍ਰਵਿਰਤੀ ਬਾਰੇ ਲਿਖਿਆ ਸੀ। ਜੋਹਾਂਨਸ ਕੈਪਲਰ ਨੇ ਸੰਨ 1600 ਦੇ ਮੁੱਢਲੇ ਸਾਲਾਂ ਵਿਚ 'ਜੜ੍ਹਤਾ' ਸ਼ਬਦ ਦਾ ਪ੍ਰਚਲਨ ਕੀਤਾ ਸੀ। ਜਿਸ ਅਨੁਸਾਰ ਪਦਾਰਥ ਦੀ ਕੁਦਰਤੀ ਅਵਸਥਾ ਵਿਰਾਮ ਦੀ ਹੁੰਦੀ ਸੀ ਪਰ ਬਾਅਦ ਵਿਚ ਇਸ ਦੀ ਪਰਿਭਾਸ਼ਾ ਵਿਚ ਨਿਰਧਾਰਤ ਗਤੀ ਨਾਲ ਚਲਦੀਆਂ ਵਸਤੂਆਂ ਨੂੰ ਵੀ ਸ਼ਾਮਲ ਕਰ ਲਿਆ ਗਿਆ। ਸੰਨ 1687 ਵਿਚ ਆਈਜ਼ੈਕ ਨਿਊਟਨ ਨੇ ਆਪਣੀ ਪ੍ਰਸਿੱਧ ਕਿਤਾਬ 'ਫਿਲਾਸਫੀ ਨੈਚੁਰਲਿਸ ਪ੍ਰਿੰਸੀਪਿਆ ਮੈਥੇਮੈਟਿਕਾ' ਵਿਚ ਜੜ੍ਹਤਾ ਦੇ ਸਿਧਾਂਤ ਨੂੰ ਗਤੀ ਦੇ ਪਹਿਲੇ ਨਿਯਮ ਵਜੋਂ ਪੇਸ਼ ਕੀਤਾ। 'ਕਿਊਟਾ-ਕਿਊਟਾ, ਤਾਰੇ-ਤਾਰੇ' ਕਹਾਣੀ ਵਿਚ ਅਜਮੇਰ ਨੇ ਵਿਗਿਆਨੀ ਡਾ. ਸਟਾਕਰ ਦੁਆਰਾ ਬਿੱਲੀ ਤੇ ਕੁੱਤੇ ਦੇ ਦੁੱਧ ਪੀਣ ਦੇ ਢੰਗਾਂ ਦੇ ਵਿਗਿਆਨਕ ਅਧਿਐਨ ਰਾਹੀਂ ਜੜ੍ਹਤਾ ਦੇ ਨਿਯਮ ਦਾ ਵਿਖਿਆਨ ਬਹੁਤ ਹੀ ਰੌਚਕਮਈ ਢੰਗ ਨਾਲ ਕੀਤਾ ਹੈ। ਅਜਮੇਰ ਦੀ ਇਹ ਕਹਾਣੀ ਵਿਗਿਆਨ ਸੂਚਨਾਤਮਕ ਕਹਾਣੀ ਹੈ ਜੋ ਭੌਤਿਕ ਵਿਗਿਆਨ ਦੇ ਸਥਾਪਿਤ ਸਤਹੀ ਤਣਾਉ ਅਤੇ ਜੜ੍ਹਤਾ ਦੇ ਨਿਯਮਾਂ ਬਾਰੇ ਜਾਣਕਾਰੀ ਉਪਲਬਧ ਕਰਾਉਂਦੀ ਹੈ।

ਅਜਮੇਰ ਸਿੱਧੂ ਰਚਿਤ 'ਅੰਨ੍ਹੇ ਸੁਜਾਖੇ' ਕਹਾਣੀ ਵੀ ਵਿਗਿਆਨ ਸੂਚਨਾਤਮਕ ਕਹਾਣੀ ਹੀ ਹੈ ਜੋ ਇੰਗਲੈਂਡ ਵਿਖੇ ਪੜ੍ਹਾਈ ਪਿਛੋਂ ਸਕਾਟਲੈਂਡ ਵਿਖੇ ਲੰਮੇ ਅਰਸੇ ਤਕ ਵਿਗਿਆਨੀ ਵਜੋਂ ਖੋਜ ਕਾਰਜ ਕਰਨ ਪਿਛੋਂ ਪੰਜਾਬ ਵਿਚ ਆਪਣੇ ਪਿੰਡ ਵਿਖੇ ਆਮ ਲੋਕਾਂ ਵਿਚ ਵਿਗਿਆਨ ਦੀ ਪਿਉਂਦ ਲਾਣ ਦਾ ਸੁਪਨਾ ਲੈ ਕੇ ਆਏ ਡਾ. ਏ. ਐੱਸ. ਬਾਠ ਦੀਆਂ ਕੋਸ਼ਿਸ਼ਾਂ ਦਾ ਰੋਚਕਮਈ ਜ਼ਿਕਰ ਕਰਦੀ ਹੈ। ਪਰ ਡਾ. ਬਾਠ ਪਿੰਡ ਵਾਸੀਆਂ ਦੀ ਰੂੜ੍ਹੀਵਾਦੀ ਸੋਚ ਦਾ ਸ਼ਿਕਾਰ ਬਣ ਵਾਪਸ ਸਕਾਟਲੈਂਡ ਜਾਣ ਲਈ ਮਜਬੂਰ ਹੋ ਜਾਂਦਾ ਹੈ। ਅਜਮੇਰ ਨੇ ਇਸ ਕਹਾਣੀ ਵਿਚ ਵਿਗਿਆਨ ਦੇ ਵਿਭਿੰਨ ਖੇਤਰਾਂ ਜਿਵੇਂ ਜੈਨੇਟਿਕ ਇੰਜਨੀਅਰਿੰਗ, ਐਡਵਾਂਸਡ ਸੈੱਲ ਟੈਕਨਾਲੋਜੀ, ਅਤੇ ਕਲੋਨਿੰਗ ਵਿਧੀ ਬਾਰੇ ਜਾਣਕਾਰੀ ਸਾਂਝੀ ਕੀਤੀ ਹੈ। ਉਸ ਦੀ ਇਹ ਕਹਾਣੀ ਸਾਧਾਰਨ ਲੋਕਾਂ ਦੀ ਪ੍ਰੰਪਰਾਵਾਦੀ ਸੋਚ ਜੋ ਹਰ ਨਵੀਂ ਖੋਜ ਨੂੰ ਸ਼ੱਕ ਦੇ ਨਜ਼ਰੀਏ ਤੋਂ ਦੇਖਣ ਦੀ ਆਦੀ ਹੈ, ਉੱਤੇ ਗਹਿਰਾ ਵਿਅੰਗ ਹੈ ਜੋ ਕਹਾਣੀ ਦੇ ਸਿਰਲੇਖ ਨੂੰ ਬਹੁਤ ਹੀ ਢੁੱਕਵਾ ਸਿੱਧ ਕਰਦਾ ਹੈ।

'ਮੈਂ ਮਾਂ...' ਕਹਾਣੀ ਸੁਰੋਗੇਟ ਮਦਰਹੁੱਡ (ਕਿਰਾਏ ਦੀ ਕੁੱਖ) ਦੀ ਲੋੜ, ਮਧਵਰਗੀ ਪਰਿਵਾਰ ਦੀਆਂ ਅਜੋਕੀਆਂ ਆਰਥਿਕ ਲੋੜਾਂ ਅਤੇ ਸੁਰੋਗੇਟ ਮਦਰਹੁੱਡ ਵਰਤਾਰੇ ਤੋਂ ਪੈਦਾ ਹੋਣ ਵਾਲੀਆਂ ਸਮਕਾਲੀ ਮਾਨਸਿਕ, ਸਮਾਜਿਕ ਤੇ ਕਾਨੂੰਨੀ ਉਲਝਣਾਂ ਦਾ ਰੌਚਕਮਈ ਵਰਨਣ ਕਰਦੀ ਹੈ। ਪਰ ਇਹ ਕਹਾਣੀ ਵਿਗਿਆਨਕ ਵਿਸ਼ਿਆਂ ਸਬੰਧਤ ਕਹਾਣੀਆਂ ਦੇ ਦੂਜੇ ਵਰਗ ਦੀ ਪਰਿਭਾਸ਼ਾ ਉੱਤੇ ਪੂਰੀ ਨਹੀਂ ਉਤਰਦੀ ਅਤੇ ਇੰਝ ਇਹ ਵਿਗਿਆਨਕ ਕਹਾਣੀਆਂ ਦੇ ਪਹਿਲੇ ਵਰਗ ਦਾ ਮੈਂਬਰ ਹੀ ਨਜ਼ਰ ਆਉਂਦੀ ਹੈ।

'ਦੀ ਲੈਨਿਨਜ਼ ਫਰੌਮ ਕਲੋਨ ਵੈਲੀ' ਕਲੋਨਿੰਗ ਵਿਧੀ ਦੀ ਵਰਤੋਂ ਨਾਲ ਜੀਵ ਪੈਦਾ ਕਰਨ ਦੇ ਇਤਿਹਾਸ ਅਤੇ ਇਸੇ ਵਿਧੀ ਦੀ ਵਰਤੋਂ ਨਾਲ ਮਨੁੱਖੀ ਕਲੋਨ ਪੈਦਾ ਕਰਨ ਦੀ ਪ੍ਰਕ੍ਰਿਆ ਬਾਰੇ ਵਿਸਥਾਰਪੂਰਣ ਚਰਚਾ ਕਰਦੀ ਹੈ। ਮਾਸਕੋ ਦੇ ਵਿੱਦਿਅਕ ਅਦਾਰਿਆ ਦੇ ਵਿਦਿਆਰਥੀਆਂ ਅਤੇ ਸਿੱਖਿਅਕਾਂ ਵਲੋਂ ਸਥਾਪਿਤ ਕੀਤੇ 'ਪ੍ਰੋਲੋਤਾਰੀ ਟ੍ਰਿਬਿਊਨਲ' ਨੇ ਭ੍ਰਿਸ਼ਟ ਕਮਿਊਨਿਸਟ ਨਿਜ਼ਾਮ ਤੋਂ ਲੋਕਾਂ ਦਾ ਛੁਟਕਾਰਾ ਕਰਾਉਣ ਲਈ ਕੀਤੇ ਯਤਨਾਂ ਦੀ ਅਸਫਲਤਾ ਤੋਂ ਬਾਅਦ, ਰੂਸੀ ਇਨਕਲਾਬ ਦੇ ਪ੍ਰਸਿੱਧ ਨਾਇਕ ਲੈਨਿਨ ਵਰਗੇ ਕ੍ਰਿਸ਼ਮਈ ਲੀਡਰ ਦੀ ਘਾਟ ਮਹਿਸੂਸ ਕੀਤੀ। ਤਾਂ ਰੂਸ ਤੋਂ ਸਿੱਖਿਆ ਪ੍ਰਾਪਤ ਭਾਰਤੀ ਜੋੜੇ ਡਾ. ਸਮਰੱਥ ਤੇ ਡਾ. ਦਾਅਰੀਨ ਜੋ ਭਾਰਤ ਵਿਖੇ ਇੰਡੀਅਨ ਰੈਵੋਲਿਊਸ਼ਨਰੀ ਪਾਰਟੀ ਦੇ ਸਰਗਰਮ ਕਾਰਕੁਨ ਸਨ, ਦੀ ਦੇਖ ਰੇਖ ਵਿਚ ਮਨੁੱਖੀ ਕਲੋਨਿੰਗ ਵਿਧੀ ਦੀ ਵਰਤੋਂ ਨਾਲ ਲੈਨਿਨ ਵਰਗਾ ਪ੍ਰਭਾਵਸ਼ਾਲੀ ਲੀਡਰ ਪੈਦਾ ਕਰਨ ਲਈ ਯਤਨ ਆਰੰਭ ਲਏ। ਬੇਸ਼ਕ ਇਸ ਯਤਨ ਵਿਚ ਉਹ ਲੈਨਿਨ ਦੇ ਤਿੰਨ ਕਲੋਨ ਬਣਾਉਣ ਵਿਚ ਸਫਲ ਰਹੇ ਪਰ ਪਹਿਲਾ ਕਲੋਨ 'ਆਜ਼ਾਦ' ਤਾਂ ਮਜ਼ਦੂਰ ਯੂਨੀਅਨ ਦੀ ਹੜਤਾਲ ਵਿਚ ਚੜ੍ਹਦੀ ਉਮਰੇ ਹੀ ਮਾਰਿਆਂ ਜਾਂਦਾ ਹੈ। ਜਦ ਕਿ ਲੈਨਿਨ ਦਾ ਦੂਸਰਾ ਕਲੋਨ 'ਕ੍ਰਾਂਤੀ' ਕ੍ਰਿਕਟ ਦੇ ਖੇਤਰ ਵਿਚ ਅਤੇ ਤੀਸਰਾ ਕਲੋਨ 'ਫਤਿਹ' ਮਲਟੀ-ਨੈਸ਼ਨਲ ਕੰਪਨੀ ਦਾ ਕਾਰਿੰਦਾ ਬਣ ਬੇਸ਼ਕ ਵਿੱਲਖਣ ਪ੍ਰਾਪਤੀਆਂ ਕਰਦੇ ਹਨ, ਪਰ ਪਾਰਟੀ ਦਾ ਸੁਪਨਾ ਸਾਕਾਰ ਕਰਨ ਤੋਂ ਅਸਮਰਥ ਡਾ. ਸਮਰੱਥ ਤੇ ਡਾ. ਦਾਅਰੀਨ ਦੇ ਹਿੱਸੇ ਸ਼ਰਮਿੰਦਗੀ ਤੋਂ ਇਲਾਵਾ ਕੁਝ ਵੀ ਹੱਥ ਨਹੀਂ ਆਉਂਦਾ। ਇਸ ਤਰ੍ਹਾਂ ਇਹ ਕਹਾਣੀ ਇਹ ਦੱਸ ਪਾਉਂਦੀ ਹੈ ਕਿ ਜ਼ਰੂਰੀ ਨਹੀਂ ਕਿ ਵਿਗਿਆਨਕ ਖੋਜਾਂ ਦੇ ਨਤੀਜੇ ਮਿੱਥੇ ਮੰਤਵਾਂ ਦੇ ਅਨੁਕੂਲ ਹੀ ਨਿਕਲਣ। ਬੇਸ਼ਕ ਇਹ ਕਹਾਣੀ ਵਿਗਿਆਨਕ ਜਾਣਕਾਰੀ ਦੀ ਬਹੁਤਾਤ ਸਮੋਈ ਬੈਠੀ ਹੈ ਪਰ ਇਸ ਨੂੰ ਵਿਗਿਆਨਕ ਕਹਾਣੀਆਂ ਦੀ ਦੂਜੇ ਵਰਗ ਵਿਚ ਰੱਖਿਆ ਜਾ ਸਕਦਾ ਹੈ ਕਿਉਂ ਜੋ ਇਹ ਮਨੁੱਖੀ ਕਲੋਨਿੰਗ ਵਿਧੀ ਦੇ ਭਵਿੱਖਮਈ ਅੰਜ਼ਾਮ ਦਾ ਜ਼ਿਕਰ ਕਰਦੀ ਹੈ।



*ਵਿਗਿਆਨਕ ਕਹਾਣੀਆਂ ਦਾ ਰਚੇਤਾ ਉੱਘਾ ਕਹਾਣੀਕਾਰ ਅਜਮੇਰ ਸਿੱਧੂ ਆਪਣੀ ਪਤਨੀ, ਧੀ ਅਤੇ ਪੁੱਤਰ ਨਾਲ।*

'ਕਬਰ 'ਚ ਦਫਨ ਹਜ਼ਾਰ ਵਰ੍ਹੇ' ਕਹਾਣੀ ਮਨੁੱਖ ਲਈ ਲੰਮੇ ਜੀਵਨ ਕਾਲ ਦੀ ਪ੍ਰਾਪਤੀ ਸੰਬੰਧਤ ਖੋਜ ਕਾਰਜਾਂ ਦਾ ਰੌਚਕਮਈ ਵਰਨਣ ਤਾਂ ਕਰਦੀ ਹੀ ਹੈ ਪਰ ਇਸ ਦੇ ਨਾਲ ਹੀ ਇਹ ਕਹਾਣੀ ਉੱਨਤ ਵਿਗਿਆਨਕ ਤਕਨੀਕਾਂ ਤੇ ਸੁਵਿਧਾਵਾਂ ਦਾ ਖੁਲਾਸਾ ਵੀ ਕਰਦੀ ਹੈ। ਅਜਮੇਰ ਦੀ ਇਹ ਕਹਾਣੀ ਜੋ ਆਧੁਨਿਕ ਵਿਗਿਆਨਕ ਤਕਨੀਕਾਂ ਰਾਹੀਂ ਅਪਰਾਧੀਆਂ ਦਾ ਪਤਾ ਲਗਾਉਣ ਦੀ ਦੱਸ ਪਾਉਂਦੀ ਹੋਈ ਵਧੇਰੇ ਸੁਰੱਖਿਅਤ ਭਵਿੱਖਮਈ ਸਮਾਜ ਦਾ ਸੁਪਨਾ ਸਿਰਜਦੀ ਹੈ ਸਪਸ਼ਟ ਰੂਪ ਵਿਚ ਵਿਗਿਆਨ ਗਲਪ ਰਚਨਾ ਹੈ।

'ਦਿੱਲੀ ਦੇ ਕਿੰਗਰੇ' ਕਹਾਣੀ ਵਿਚ ਅਜਮੇਰ ਨੇ ਮਨੁੱਖੀ ਦਿਮਾਗ ਦੇ ਆਰ ਐੱਨ ਏ ਤਬਦੀਲੀ ਰਾਹੀਂ ਇਕ ਵਿਅਕਤੀ ਦੇ ਯਾਦ ਭੰਡਾਰ ਨੂੰ ਕਿਸੇ ਹੋਰ ਵਿਅਕਤੀ ਦੇ ਦਿਮਾਗ ਵਿਚ ਸਥਾਪਨ ਦੀ ਵਿਧੀ ਦਾ ਜ਼ਿਕਰ ਕੀਤਾ ਹੈ। ਇੰਝ ਇਹ ਕਹਾਣੀ ਵਿਗਿਆਨ ਦੇ ਨਵੇਂ ਸੰਭਾਵੀ ਖੇਤਰ ਦੀ ਦੱਸ ਪਾਉਂਦੀ ਹੈ। ਅਜਮੇਰ ਦੁਆਰਾ ਸੁਝਾਈ ਸੰਭਾਵਨਾ ਵਿਗਿਆਨ ਤੇ ਤਕਨਾਲੋਜੀ ਦੇ ਮੌਜੂਦਾ ਪੱਧਰ ਨੂੰ ਨਵਾਂ ਆਯਾਮ ਪ੍ਰਦਾਨ ਕਰਦੀ ਨਜ਼ਰ ਆਉਂਦੀ ਹੈ। ਇਸ ਤਰ੍ਹਾਂ ਇਹ ਕਹਾਣੀ ਵੀ ਵਿਗਿਆਨ ਕਹਾਣੀਆਂ ਦੇ ਦੂਜੇ ਵਰਗ ਦਾ ਹਿੱਸਾ ਬਨਣ ਦੀ ਹੱਕਦਾਰ ਬਣ ਜਾਂਦੀ ਹੈ। ਪਰ ਕਿਉਂ ਕਿ ਯਾਦ ਵਿਸਥਾਪਨ ਵਿਧੀ ਦੀ ਸਾਕਾਰਤਾ, ਅਜਮੇਰ ਦੁਆਰਾ ਰਚਿਤ ਕਹਾਣੀ ਦੇ ਕਾਲ ਸਤੰਬਰ - ਅਕਤੂਬਰ 1970, ਦੌਰਾਨ ਸੰਭਵ ਨਹੀਂ ਸੀ ਅਤੇ ਇਹ ਕਹਾਣੀ ਉਸ ਨੇ 2003 ਵਿਚ ਲਿਖੀ ਜਿਸ ਕਾਰਨ ਉਸ ਦੀ ਇਹ ਕਹਾਣੀ ਵਿਗਿਆਨ ਗਲਪ ਰਚਨਾ ਨਾ ਹੋ ਕੇ ਵਿਗਿਆਨ ਕਹਾਣੀਆਂ ਦੇ ਤੀਜੇ ਵਰਗ 'ਕਲਪਿਤ ਕਹਾਣੀ' ਦਾ ਅੰਗ ਜਾਪਦੀ ਹੈ।

ਅਜਮੇਰ ਦੀ ਸੱਤਵੀਂ ਵਿਗਿਆਨ ਕਹਾਣੀ 'ਡਾਇਨਾਸੋਰ' ਅਜੋਕੇ ਸਮਾਜ ਤੇ ਸਿਆਸੀ ਖੇਤਰ ਵਿਚ ਫੈਲੇ ਨੈਤਿਕ ਦੂਜੈਲੇਪਣ ਅਤੇ ਪਾਖੰਡਾਂ ਉੱਤੇ ਵਿਅੰਗਾਤਮਕ ਟਿੱਪਣੀ ਹੈ। ਇਹ ਕਹਾਣੀ ਸਮਕਾਲੀ ਸਮਾਜਿਕ ਹਾਲਤਾਂ ਉੱਤੇ ਉਕਤੀ ਕਰਨ ਲਈ ਵਿਗਿਆਨ ਚਿੰਨ੍ਹਾਂ (ਖਾਸ ਕਰ ਡਾਇਨਾਸੋਰ ਬਿੰਬ) ਦੀ ਨਿਵੇਕਲੀ ਵਰਤੋਂ ਕਰਦੀ ਹੈ। ਇਸ ਕਾਰਣ ਅਜਮੇਰ ਦੀ ਇਹ ਕਹਾਣੀ ਵਿਗਿਆਨ ਕਹਾਣੀਆਂ ਦੇ ਚੋਥੇ ਵਰਗ - ਵਿਗਿਆਨਕ ਚਿੰਨ੍ਹਵਾਦ ਵਾਲੀ ਕਹਾਣੀ ਵਜੋਂ ਮਕਬੂਲੀਅਤ ਹਾਸਿਲ ਕਰਦੀ ਹੈ।

ਅਜਮੇਰ ਦੀਆਂ ਵਿਗਿਆਨ ਕਹਾਣੀਆਂ ਮੁੱਖ ਤੌਰ ਉੱਤੇ ਜੀਵ-ਗਿਆਨ ਨਾਲ ਸੰਬੰਧਤ ਹਨ ਸਿਵਾਏ 'ਕਿਊਟਾ-ਕਿਊਟਾ, ਤਾਰੇ-ਤਾਰੇ' ਕਹਾਣੀ ਦੇ ਜਿਸ ਦਾ ਸਿੱਧਾ ਸੰਬੰਧ ਭੌਤਿਕ ਵਿਗਿਆਨ ਨਾਲ ਹੈ। ਉਸ ਦੀਆਂ ਚਾਰ ਕਹਾਣੀਆਂ 'ਮੈਂ ਮਾਂ...।', 'ਕਬਰ 'ਚ ਦਫਨ ਹਜ਼ਾਰ ਵਰ੍ਹੇ', 'ਦਿੱਲੀ ਦੇ ਕਿੰਗਰੇ ਕਹਾਣੀ' ਅਤੇ 'ਡਾਇਨਾਸੋਰ' ਉੱਤਮ-ਪੁਰਖੀ ਬਿਰਤਾਂਤ ਸ਼ੈਲੀ ਵਿਚ ਹਨ। ਇਸ ਜੁਗਤ ਦੀ ਵਰਤੋਂ ਨਾਲ ਉਹ ਇਨਾਂ ਕਹਾਣੀਆਂ ਦੇ ਕੇਂਦਰੀ ਪਾਤਰਾਂ ਦੇ ਅੰਦਰ ਦੀ ਇਕੱਲਤਾ, ਬੇਗਾਨਗੀ, ਨਿਰਾਸ਼ਾ ਤੇ ਖੰਡਿਤ ਵਿਅਕਤੀਤਵ ਨੂੰ ਗੰਭੀਰਤਾ ਨਾਲ ਚਿੱਤਰਣ ਵਿਚ ਸਫਲ ਰਿਹਾ ਹੈ। ਅਜਮੇਰ ਪਾਤਰਾਂ ਦੇ ਅੰਦਰੂਨੀ ਦਵੰਦੀ ਤਣਾਉ ਨੂੰ ਉਨ੍ਹਾਂ ਦੇ ਚੇਤਨ ਤੇ ਅਵਚੇਤਨ ਦੀ ਬਹੁਪਰਤੀ ਪੇਸ਼ਕਾਰੀ ਰਾਹੀਂ ਪ੍ਰਗਟ ਕਰਨ ਵਿਚ ਖਾਸ ਮੁਹਾਰਿਤ ਦਾ ਮਾਲਕ ਹੈ। ਉਸ ਦੀਆਂ ਕਹਾਣੀਆਂ ਦੇ ਮੌਲਿਕ ਤੇ ਨਿਵੇਕਲੇ ਵਿਸ਼ੈ ਪਾਠਕ ਦਾ ਮਨ ਮੋਹਣ ਦੀ ਸਮਰਥਾ ਰੱਖਦੇ ਹਨ। ਬੇਸ਼ਕ ਅਜਮੇਰ ਦੀਆਂ ਕਹਾਣੀਆਂ ਬਹੁ-ਪਰਤੀ ਵੀ ਹਨ ਤੇ ਕੁਝ ਕੁ ਲੰਮੀਆਂ ਵੀ, ਪਰ ਉਹ ਆਪਣੀ ਕਹਾਣੀ ਕਲਾ ਦੇ ਹੁਨਰ ਨਾਲ ਪਾਠਕ ਨੂੰ ਵਿਸ਼ੈ ਨਾਲ ਜੋੜੀ ਰੱਖਣ ਵਿਚ ਸਫਲ ਰਿਹਾ ਹੈ। ਸਾਨੂੰ ਆਸ ਹੈ ਕਿ ਉਹ ਆਪਣੇ ਵਿਗਿਆਨ ਕਹਾਣੀਆਂ ਦੇ ਵਿਸ਼ਾ ਖੇਤਰ ਨੂੰ ਹੋਰ ਮੋਕਲਾ ਕਰਦੇ ਹੋਏ, ਭਵਿੱਖ ਵਿਚ ਵੀ ਪਾਠਕਾਂ ਨੂੰ ਆਪਣੀਆਂ ਵੰਨ-ਸਵੰਨੀਆਂ ਕਹਾਣੀਆਂ ਨਾਲ ਸਰਸ਼ਾਰ ਕਰਦਾ ਰਹੇਗਾ।

